੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੧ ਜਿਲਦ ੩੦ ੨੨-੨੮ ਅਕਤੂਬਰ ੨੦੨੦, ੬-੧੨ ਕੱਤਕ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 41 Volume 30, 22-28 October 2020
Yearly Subscription India 250/-, Abroad 2500/- and Life Membership India 2500/-, Abroad 25000/-

# ਜਾਣਹੁ ਜੋਤਿ ਨ ਪੂਛਹੁ ਜਾਤੀ

❖ ਭਾਈ ਸਾਹਿਬ ਭਾਈ ਵੀਰ ਸਿੰਘ

ਅਸੀਂ ਸਿੱਖ ਹਾਂ, ਸਾਡਾ ਨਿਸਚਾ ਹੈ ਕਿ :-

**ਗੁਰੂ ਗ੍ਰੰਥ ਕਲਿਯੁਗ ਭਯੋ ਸ੍ਰੀ ਗੁਰੁ ਰੂਪ ਮਹਾਨ।**
**ਦਸ ਪਾਤਸ਼ਾਹੀ ਰੂਪ ਇਹ ਗੁਰੂ ਗ੍ਰੰਥ ਜਿਯ ਜਾਨ।**
**ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।**
**ਬਾਤ ਕਰਨ ਗੁਰ ਸੋਂ ਚਹੈ ਪੜ੍ਹੈ ਗ੍ਰੰਥ ਮਨ ਲਾਇ।**

(ਗੁਰ ਬਿਲਾਸ ਪਾ: ੬)

ਤਾਂਤੇ ਆਓ, ਇਸ ਗੱਲ ਦੇ ਨਬੇੜੇ ਲਈ ਕਿ ਅਛੂਤ ਜਾਤੀਆਂ ਸਿੱਖਾਂ ਵਿਚ ਕੀ ਦਰਜਾ ਰੱਖਦੀਆਂ ਹਨ, ਇਸ ਪ੍ਰਸ਼ਨ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਢੂੰਡੀਏ।
ਗੁਰਬਾਣੀ ਕਹਿੰਦੀ ਹੈ :-

**ਏਕੁ ਪਿਤਾ ਏਕਸ ਕੇ ਹਮ ਬਾਰਿਕ** (ਅੰਗ ੬੧੧)

ਮਨੁਖ ਮਾਤ੍ਰ ਦਾ ਪਿਤਾ ਇਕ ਹੈ, ਅਸੀਂ ਸਬ ਉਸਦੇ ਬਾਰਕ ਹਾਂ, ਜਿਸਤੋਂ ਆਪਸ ਵਿਚ ਭਾਈ ਭਾਈ ਹਾਂ।
ਸ੍ਰੀ ਗੁਰੂ ਕਲਗੀਧਰ ਜੀ ਫੁਰਮਾਂਦੇ ਹਨ :-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ। ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ। ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ। ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।**

ਇਹ ਬਾਣੀ ਦੱਸਦੀ ਹੈ ਕਿ "ਮਾਨਸ ਕੀ ਜਾਤ" ਮਨੁੱਖ ਮਾਤਰ ਦੀ ਜਾਤ ਇਕ ਪਛਾਣੋ, ਸਭ ਦਾ ਇਕ ਸਰੂਪ ਵੇਖੋ ਤੇ ਸਾਰਿਆਂ ਵਿਚ ਇਕ ਜੋਤ ਜਾਣੋਂ।
ਗੁਰੂ ਘਰ ਵਿਚ ਉਚ ਤੇ ਨੀਚ ਕੌਣ ਹੈ, ਇਸਦੀ ਬਾਬਤ ਕਹਿੰਦੇ ਹਨ :-

**ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥**
**ਬਿਨੁ ਨਾਵੈ ਸਭ ਨੀਚ ਜਾਤ ਹੈ ਬਿਸਟਾ ਕਾ ਕੀੜਾ ਹੋਇ॥**

(ਆਸਾ ਮ: ੩, ਅੰਗ ੪੨੬)

**ਖਸਮੁ ਵਿਸਾਰਹਿ ਤੇ ਕਮਜਾਤਿ॥**

(ਅਸਾ ਮ: ੧, ਅੰਗ ੧੦)

ਹਿੰਦੂਆਂ ਵਿਚ ਜਨਮ ਤੋਂ ਜਾਤੀ ਮੰਨੀ ਜਾਂਦੀ ਹੈ, ਉਸਦੀ ਬਾਬਤ ਕਹਿੰਦੇ ਹਨ :-

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥**

(ਸਿਰੀ ਰਾਗ ਮ: ੧, ਅੰਗ ੮੩)

ਫਿਰ ਫੁਰਮਾਂਦੇ ਹਨ ਕਿ :-

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥**

(ਅਸਾ ਮ: ੧, ਅੰਗ ੩੪੯)

ਇਸਦਾ ਸਪਸ਼ਟ ਭਾਵ ਇਹ ਹੈ ਕਿ ਸਭ ਨੂੰ ਇਕ ਜੋਤ ਜਾਣ, ਜਨਮ ਤੋਂ ਜੋ ਜਾਤੀਆਂ ਮੰਨੀਆ ਗਈਆਂ ਹਨ ਇਹਨਾਂ ਬਾਬਤ ਨਾਂ ਪੁਛੋ ਕਿ ਤੂੰ ਕਿਸ ਜਾਤੀ ਦਾ ਹੈਂ, ਕਿਉਂਕਿ ਵਾਹਿਗੁਰੂ ਦੇ ਘਰ ਵਿਚ ਇਸ ਜਨਮ ਤੋਂ ਮੰਨੀ ਗਈ ਜਾਤੀ ਦੀ ਕੋਈ ਥਾਉਂ ਨਹੀਂ, ਫਿਰ ਹੋਰ ਵੀ ਸਪਸ਼ਟ ਕਰਕੇ ਦੱਸਦੇ ਹਨ ਕਿ-

## ਅੰਦਰ


- ਗੁਰਿਆਈ ਤਿਲਕ ਦੇ ਸਵਾਮੀ- ਬਾਬਾ ਬੁੱਢਾ ਜੀ 3
- ਬੈਲਜੀਅਮ 'ਚ ਸਿੱਖ 5
- The Akali Movement 7
- ਸੌ ਸਾਲ ਪਹਿਲਾਂ : ਨਿਰਮਲ ਪੰਥ ਅਤੇ ਗੁਰੂ ਮਤ 10
- ਸ਼ਬਦ ਵਿਆਖਿਆ 11
- ਰਿਪੋਰਟ : ਪ੍ਰੋ. ਰਜੇਸ਼ ਗਿੱਲ ਦੀ ਪੁਸਤਕ ਤੇ ਹੋਈ ਚਰਚਾ 12

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥** (ਪ੍ਰਭਾਤੀ ਮ: ੧, ਅੰਗ ੧੩੩੦)

ਜਨਮ ਤੋਂ ਜਾਤੀ ਨਹੀਂ ਪੁਛੀ ਜਾਏਗੀ।

ਹੁਣ ਪ੍ਰਸ਼ਨ ਹੋਂਦਾ ਹੈ ਕਿ ਜਨਮ ਤੋਂ ਜਾਤਿ ਮੰਨਣ ਦੀ ਜਗ੍ਹਾ ਜੇ ਕਰਮ ਤੋਂ ਜਾਤਿ ਮੰਨ ਲਈ ਜਾਏ, ਤਦ ਕਰਮਾਂ ਕਰਕੇ ਜੋ ਨੀਚ ਜਾਤੀ ਬਣ ਗਈ ਹੈ, ਉਸਦੀ ਬਾਬਤ ਗੁਰਬਾਣੀ ਕੀ ਦੱਸਦੀ ਹੈ?

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ। ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥... ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਾਦੇਅਉ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥ ਜਿਤਨੇ ਭਗਤ ਹਰਿ ਸੇਵਕ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥ ਜਨ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ॥** (ਸੂਹੀ ਮ: ੪, ਅੰਗ ੭੩੩)

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਿਸੰਗਤ ਮਿਲਿ ਪਤਿਤ ਪਰਵਾਣੁ॥** (ਗੂਜਰੀ ਮ: ੫, ਅੰਗ ੮੬੧)

**ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਨਾ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥ ਘਿਅਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥** (ਤਿਲੰਗ ਮ: ੧, ਅੰਗ ੭੨੧)

ਇਹ ਵਾਕ ਦਸਦੇ ਹਨ ਕਿ ਜਨਮ ਤੋਂ ਗਿਣੀ ਗਈ ਜਾਤੀ ਜਾਂ ਕਰਮ ਤੋਂ ਬਣੀ ਜਾਤੀ ਦੇ ਵਿਚੋਂ ਕੋਈ ਆਦਮੀ ਜੋ ਆਪਣੇ ਆਪ ਨੂੰ ਸੰਭਾਲੇ, ਆਪਣੇ ਸੁਧਾਰ ਲਈ ਯਤਨ ਕਰੇ ਤਦ ਉਸਦੇ ਲਈ ਸੁਧਰਨ ਦੇ ਦਰਵਾਜ਼ੇ ਬੰਦ ਨਹੀਂ ਹਨ, ਉਸ ਲਈ ਉਠਣ ਦੀ ਮਨਾਹੀ ਨਹੀਂ ਹੈ, ਉਸ ਵਲ ਵਾਹਿਗੁਰੂ ਦੀ ਪਿਠ ਨਹੀਂ ਹੈ, ਕੋਈ ਵੀ ਤੇ ਕਦੇ ਵੀ ਗੁਰੂ ਦੀ ਸ਼ਰਨ ਆਵੇ ਉਹਨਾਂ "ਪਤਿਤਾਂ ਨੂੰ" ਪਵਿਤਰ ਕਰਕੇ ਵਾਹਿਗੁਰੂ ਆਪਣੇ ਕਰ ਲੈਂਦਾ ਹੈ। ਫਿਰ ਉਹਨਾਂ ਤੋਂ ਕੋਈ ਵਰਨ ਨਹੀਂ ਪੁਛਦਾ, ਆਪ ਕਿਸ ਜਾਤੀ ਵਿਚੋਂ ਹੋ? ਇਹ ਪ੍ਰਸ਼ਨ ਉਹਨਾਂ ਤੇ ਕਦੀ ਨਹੀਂ ਕਰਦਾ, ਉਹਨਾਂ ਨੂੰ "ਸਗਲ" ਤਮਾਮ ਲੋਕੀਂ ਨਮਸਕਾਰਾਂ ਕਰਦੇ ਹਨ, ਉਹਨਾਂ ਦੇ ਅਗੇ ਅਦਬ ਨਾਲ ਝੁਕਦੇ ਹਨ ਤੇ ਉਹਨਾਂ ਦੇ ਚਰਨ ਦੀ ਧੂੜੀ ਮੰਗਦੇ ਹਨ, ਦ੍ਰਿਸ਼ਟਾਂਤ ਦੇਕੇ ਗੁਰੂ ਜੀ ਕਹਿੰਦੇ ਹਨ ਕਿ ਜਿਕਣ ਚੰਦਨ ਦੇ ਨਿਕਟ ਵਸੀ ਹਰੰਡੀ ਵਿਚ ਵੀ ਸੁਗੰਧੀ ਆ ਜਾਂਦੀ ਹੈ ਇਸੇ ਤਰ੍ਹਾਂ ਸਤ ਸੰਗਤ ਵਿਚ ਪਤਿਤ ਮਿਲਕੇ "ਪ੍ਰਵਾਨ" ਹੋ ਜਾਂਦੇ ਹਨ, ਪ੍ਰਵਾਨ ਹੀ ਕਿਉਂ ਨੀਚ ਜਾਤਾਂ ਦੇ ਹਰਿ ਨੂੰ ਜਪਦਿਆਂ ਉਤਮ ਪਦਵੀ ਪਾ ਜਾਂਦੇ ਹਨ, ਤੇ ਚਾਰ ਵਰਨ ਚਾਰ ਆਸ਼ਰਮਾਂ ਵਿਚੋਂ ਜੋ ਹਰਿ ਨੂੰ ਧਿਆਵਹ ਉਹ ਪ੍ਰਧਾਨ, ਮੋਹਰੀ ਹੋ ਜਾਂਦਾ ਹੈ, ਦੁਨਜਾਂਦਾਰ ਖਿਆਲ ਕਰਦੇ ਹਨ ਕਿ ਤੀਰਥਾਂ ਤੇ ਜਾਣ ਨਾਲ ਪਾਪ ਬਖਸ਼ੇ ਜਾਂਦੇ ਹਨ, ਪ੍ਰੰਤੂ ਗੁਰਬਾਣੀ ਕੈਂਹਦੀ ਹੈ ਕਿ :-

**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥** (ਅੰਗ ੪੭੩)

ਗੁਰਬਾਣੀ ਦੇ ਉਪ੍ਰੋਕਤ ਵਾਕਾਂ ਨੂੰ ਗਹੁ ਨਾਲ ਵੇਖਣ ਤੇ ਵਿਚਾਰਨ ਤੋਂ ਪਤਾ ਲਗ ਜਾਂਦਾ ਹੈ ਕਿ ਜਨਮ ਤੋਂ ਜਾਤ ਮੰਨਣਾ ਭੁਲ ਹੈ। ਇਸ ਤਰਾਂ ਦੀ ਜਾਤੀ-ਵੰਡ ਗੁਰੂ ਘਰ ਵਿਚ ਅਪਰਵਾਨ ਹੈ, ਵਾਹਿਗੁਰੂ ਦੀ ਦਰਗਾਹ ਵਿਚ ਇਸਦੀ ਕੋਈ ਥਾਉਂ ਨਹੀਂ, ਗੁਰਬਾਣੀ ਮਨੁੱਖ ਮਾਤਰ ਦੀ ਇਕ ਜਾਤਿ ਮੰਨਦੀ ਹੈ। ਤੇ ਮਨੁੱਖ ਮਾਤਰ ਨੂੰ ਇਕ ਦਰਜਾ ਦੇਂਦੀ ਹੈ। ਜੋ ਆਦਮੀ ਜਹੇ ਕੰਮ ਕਰਦਾ ਹੈ ਉਹੋ ਜਿਹਾ ਹੋ ਜਾਂਦਾ ਹੈ। ਜਿਸ ਤਰ੍ਹਾਂ ਇਕ ਆਦਮੀ ਮੰਦੇ ਕਰਮ ਕਰਕੇ ਨੀਚ ਬਣ ਸਕਦਾ ਹੈ। ਇਸੇ ਤਰ੍ਹਾਂ ਉਹ ਗਜਾਤ ਹੋ ਜਾਣ ਤੇ ਚੰਗੇ ਕਰਮ ਕਰਕੇ ਊਚ ਵੀ ਬਣ ਸਕਦਾ ਹੈ। ਇਕ ਵਾਰੀ ਨੀਚ ਕਰਮ ਕਰਕੇ ਨੀਚ ਬਣ ਗਏ ਤੇ ਓਹਨਾਂ ਦੀ ਸੰਤਾਨ ਜੋ ਕਿਆਮਤ ਦੇ ਦਿਨਾਂ ਤਕ ਹੁੰਦੀ ਰਹੇਗੀ ਅਛੂਤਪੁਣੇ ਦਾ ਪਟਾ ਓਸਦੇ ਗਲੇ ਵਿਚ ਨਹੀਂ ਪਾ ਦਿਤਾ ਗਿਆ ਤੇ ਨਾ ਹੀ ਜਿਨ੍ਹਾਂ ਚੰਗੇ ਕਰਮ ਕੀਤੇ ਹਨ ਉਹਨਾਂ ਦੀ ਸੰਤਾਨ ਨੂੰ ਸਦਾ ਲਈ ਊਚ ਦੀ ਪਦਵੀ ਦੇ ਦਿਤੀ ਗਈ ਹੈ। ਜੋ ਆਦਮੀ ਜਦ ਤਕ ਚੰਗੇ ਕਰਮ ਕਰਦਾ ਹੈ ਉਸ ਵੇਲੇ ਤਕ ਊਚ ਹੈ। ਜੋ ਮੰਦੇ ਕਰਦਾ ਹੈ, ਮੰਦੇ ਕਰਦੇ ਰੈਹਣ ਤਕ ਨੀਚ ਹੈ। ਪ੍ਰੰਤੂ ਜਿਸ ਵੇਲੇ ਹੀ ਕਿ ਇਹ ਆਪਣੇ ਇਨ੍ਹਾਂ ਕਰਮਾਂ ਨੂੰ ਬਦਲ ਦੇਣ ਉਹਨਾਂ ਦੀਆਂ ਇਹ ਊਚ ਨੀਚ ਦੀਆ ਉਪਾਧੀਆਂ ਵੀ ਬਦਲ ਜਾਣਗੀਆਂ। ਉਹਨਾਂ ਦੀ ਪੋਜ਼ੀਸ਼ਨ ਬਦਲ ਜਾਏਗੀ, ਉਹਨਾਂ ਦਾ ਦਰਜਾ ਬਦਲ ਜਾਏਗਾ।

ਡਾਕਟਰ ਬੀਮਾਰਾਂ ਨੂੰ ਅਰੋਗ ਕਰਨ ਲਈ ਹੁੰਦੇ ਹਨ। ਜੇ ਕਦੀ ਜੋ ਆਦਮੀ ਇਕ ਵਾਰ ਬੀਮਾਰ ਹੋ ਜਾਏ ਉਸਨੇ ਮੁੜਕੇ ਅਰੋਗ ਨਾ ਹੋਣਾ ਹੋਵੇ ਤਦ ਡਾਕਟਰ ਦੀ ਲੋੜ ਹੀ ਨਹੀਂ ਰੈਂਹਦੀ, ਇਸੇ ਤਰ੍ਹਾਂ ਆਤਮਕ ਬੀਮਾਰਾਂ ਦੇ ਇਲਾਜ ਲਈ ਗੁਰੂ ਰੂਪੀ ਡਾਕਟਰ ਦੇ ਸੰਸਾਰ ਵਿਚ ਭੇਜਣ ਦੀ ਲੋੜ ਪੱਈ ਸੀ। ਜੇ ਕਦੀ ਜੋ ਆਤਮਕ ਅਵਸਥਾ ਵਿਚ ਇਕ ਵੇਰ ਰੋਗੀ ਹੋ ਗਏ ਹਨ, ਜਾਂ ਜਿਨ੍ਹਾਂ ਆਪਣੀ ਸੰਸਾਰਕ ਅਵਸਥਾ ਇਕ ਵੇਰ ਵਿਗਾੜ ਲਈ ਹੈ ਉਹਨਾਂ ਦਾ ਫਿਰ ਸੁਧਾਰ ਅਸੰਭਵ ਸਮਝਿਆ ਜਾਏ ਤਦ ਗੁਰੂ ਦੀ ਸੰਸਾਰ ਵਿਚ ਆਉਣ ਦੀ ਲੋੜ ਹੀ ਨਹੀਂ ਰੈਂਹਦੀ, ਜਿਕੁਣ ਡਾਕਟਰ ਬੀਮਾਰਾਂ ਨੂੰ ਦਵਾਈ ਦੇਕੇ ਉਹਨਾਂ ਨੂੰ ਅਰੋਗ ਕਰ ਦੇਂਦਾ ਹੈ। ਇਸੇ ਤਰਾਂ ਗੁਰੂ ਮੁਰਦਿਆਂ ਨੂੰ ਬਚਾਂਦਾ, ਢਠਿਆਂ ਨੂੰ ਉਠਾਂਦਾ, ਨੀਚਾਂ ਨੂੰ ਊਚ ਬਣਾਨ ਤੇ ਪਤਿਤਾਂ ਨੂੰ ਪਵਿਤ੍ਰ ਕਰਦਾ ਹੋਇਆ ਡੰਕੇ ਦੀ ਚੋਟ ਕੈਂਹਦਾ ਹੈ :-

**ਅਰਪੁਨ ਕੈਹਤ ਸਗਰ ਸੰਸਾਰਾ ਨਾਮ ਗਰੀਬ ਨਿਵਾਜ ਹਮਾਰਾ**
**ਸੋ ਅਬ ਸਫਲਾ ਕਰ ਦਿਖਰਾਊ ਸਬ ਲਘੂਅਨ ਕੋ ਬੜੋ ਬਨਾਊ**

(ਲੋਹ ਪ੍ਰਕਾਸ਼)

ਤੇ ਇਸਤਰਾਂ ਨੀਚਾਂ ਨੂੰ ਊਚ ਬਣਦਾ ਵੇਖ ਨੀਚ ਕੈਹ ਉਠਦੇ ਹਨ ਕਿ :-

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ਰਹਾਉ॥ ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥ ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥ ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥੨॥੧॥** (ਅੰਗ ੧੧੦੬)

**-ਖਾਲਸਾ ਸਮਾਚਾਰ,**
**(28 ਅਕਤੂਬਰ, 1920 'ਚੋਂ)**

✧ ✧ ✧ ✧ ✧

# ਗੁਰਿਆਈ ਤਿਲਕ ਦੇ ਸਵਾਮੀ-ਬਾਬਾ ਬੁੱਢਾ ਜੀ

❖ ਪ੍ਰਿੰ. ਕੁਲਵੰਤ ਸਿੰਘ ਅਣਖੀ

ਸੱਤ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਅਤੇ ਪੰਜ ਗੁਰੂ ਸਾਹਿਬਾਨ ਨੂੰ ਗੁਰਿਆਈ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਨਿਮਰ, ਹਲੀਮ, ਫਰਮਾਬਰਦਾਰ, ਮਹਾਂ ਤਿਆਗੀ, ਪਰਮ ਤਪੱਸਵੀ, ਗੁਰੂ ਸਾਹਿਬਾਨ ਦੇ ਅਨਿੰਨ ਸੇਵਕ, ਬ੍ਰਹਮਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਜ਼ਿਮੀਂਦਾਰ ਭਾਈ ਸੁੱਘਾ ਰੰਧਾਵਾ ਜੀ ਦੇ ਘਰ ਮਾਤਾ ਗੌਰਾਂ ਜੀ ਦੀ ਕੁਖੋਂ 7 ਕੱਤਕ ਸੰਮਤ ੧੫੬੩ (6 ਅਕਤੂਬਰ, 1506) ਦੇ ਸੁਭਾਗੇ ਦਿਨ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕੱਥੂਨੰਗਲ ਵਿਖੇ ਹੋਇਆ। ਮਾਤਾ-ਪਿਤਾ ਜੀ ਨੇ ਆਪਜੀ ਦਾ ਨਾਮ ਬੂੜਾ ਰੱਖਿਆ। ਪਰਿਵਾਰ ਕਿਸਾਨੀ ਹੋਣ ਕਾਰਨ ਬਚਪਨ ਵਿਚ ਹੀ ਬੂੜਾ ਜੀ ਆਪਣਾ ਮਾਲ-ਡੰਗਰ ਚਾਰਨ ਲੱਗ ਪਏ। ਸੰਮਤ ੧੫੭੫ ( ਸੰਨ 1518) ਵਿਚ ਕਾਫੀ ਚਿਰ ਮੀਂਹ ਨਾ ਪੈਣ ਕਾਰਨ ਕੱਥੂਨੰਗਲ ਇਲਾਕੇ ਵਿਚ ਸੋਕਾ ਪੈ ਗਿਆ। ਪਾਲਤੂ ਪਸ਼ੂ ਡੰਗਰਾਂ ਦੇ ਚਾਰੇ ਲਈ ਪੱਠਿਆਂ ਅਤੇ ਘਾਹ-ਫੂਸ ਦੀ ਕਿੱਲਤ ਪੈਦਾ ਹੋ ਜਾਣ ਕਾਰਨ ਆਪਜੀ ਦੇ ਪਿਤਾ ਜੀ ਨੇ ਆਪਣੀ ਜ਼ਮੀਨ ਵੇਚ ਕੇ ਕਰਤਾਰਪੁਰ ਸਾਹਿਬ ਲਾਗੇ ਰਾਵੀ ਦਰਿਆ ਦੇ ਮੰਡ ਖੇਤਰ ਵਿਚ ਆਪਣੇ ਸਹੁਰੇ ਪਿੰਡ 'ਮੰਦਰਾਂ ਵਾਲਾ' ਦੀ ਜੂਹ ਵਿਚ ਜ਼ਮੀਨ ਖ਼ਰੀਦ ਲਈ। ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਖੇਤਰ ਵਿਚ ਹੀ ਇਕ ਰਮਣੀਕ ਅਤੇ ਨਿਵੇਕਲੀ ਜਗ੍ਹਾ ਪੁਰ ਦੀਵਾਨ ਸਜਾ ਦਿੱਤਾ। 'ਖਸਮ ਕੀ ਬਾਣੀ' ਦੇ ਇਲਾਹੀ ਕੀਰਤਨ ਨੇ ਅਜਿਹੀ ਖਿੱਚ ਪਾਈ ਕਿ ਡੰਗਰ ਚਾਰਦਾ ਹੋਇਆ ਬੂੜਾ ਜੀ ਗੁਰੂ ਚਰਨਾਂ ਵਿੱਚ ਕੀਰਤਨ ਦੇ ਰੂਹਾਨੀ ਆਨੰਦ ਵਿੱਚ ਲੀਨ ਹੋ ਗਏ। ਕੀਰਤਨ ਅਤੇ ਗੁਰ-ਉਪਦੇਸ਼ ਦੀ ਸਮਾਪਤੀ ਉਪਰੰਤ ਸੰਗਤਾਂ ਆਪਣੇ ਘਰਾਂ ਨੂੰ ਚਲੇ ਗਈਆਂ ਪ੍ਰੰਤੂ ਬੂੜਾ ਜੀ ਅਜਿਹੇ ਵਿਗਾਸ ਵਿਚ ਆਏ ਹੋਏ ਸਨ ਕਿ ਉਹ ਸਤਿਗੁਰਾਂ ਪਾਸ ਹੀ ਬੈਠੇ ਰਹੇ। **ਵਲਾਇਤ ਵਾਲੀ ਜਨਮਸਾਖੀ** ਵਿਚ ਦਰਜ ਹੈ ਕਿ "ਤਬ ਬਾਬੈ ਪੁਛਿਆ, ਆਖਿਆ: 'ਏ ਲੜਕੇ! ਤੂੰ ਜੋ ਇਤੁ ਵਖਤਿ ਉਠਿ ਆਂਵਦਾ ਹੈ, ਸੋ ਕਿਉ ਆਂਵਦਾ ਹੈ ? ਅਜੇ ਤੇਰਾ ਵਖਤੁ ਖਾਵਣ ਖੇਡਣ ਸਉਣ ਦਾ ਹੈ'। ਤਦਹੁੰ ਉਸਿ ਲੜਕੈ ਆਖਿਆ 'ਜੀ ! ਇਕ ਦਿਨਿ ਮੇਰੀ ਮਾਤਾ ਕਹਿਆ ਜੋ ਬੇਟਾ--ਤੂ ਆਗਿ ਬਾਲੁ-ਤਾਂ ਮੈਂ ਆਗਿ ਲਗਾ ਬਾਲਣ । ਜਾਂ ਲਕੜੀਆਂ ਪਈਆਂ ਤਾਂ ਪਹਿਲੇ ਨਿੱਕੜੀਆਂ ਕਉ ਲਗੀ। ਤਾਂ ਪਿਛਹੁੰ ਵਡੀਆਂ ਕਉ ਲਾਗੀ । ਤਦਹੁੰ ਮੈਂ ਭਉ ਕੀਤਾ, ਜੋ ਮਤਾਂ ਅਸੀਂ ਨਿਕੜੇ ਚਲਿ ਜਾਹਿੰ, ਵਡੇਰੇ ਹੋਣਿ ਮਿਲਹਿ ਕਿ ਨ ਮਿਲਹਿ ਲਕੜੀਆਂ ਕੀ ਨਿਆਈਂ। ਤਾਂ ਮੈਂ ਆਖਿਆ : ਜੋ ਗੁਰੂ ਜਪਿ ਲੇਹਿ'। ਤਦਿ ਸੰਗਤਿ ਹੈਰਾਨੁ ਹੋਇ ਰਹੀ ਸੁਣਿਕੈ। ਤਬ ਬਾਬੈ ਦੀ ਖ਼ੁਸੀ ਹੋਈ, ਲੜਕਾ ਪੈਰੀ ਪਇਆ।

ਸਤਿਗੁਰ ਜੀ ਨੇ ਬੂੜੇ ਦੇ ਅਜਿਹੇ ਸ਼ਬਦ ਸੁਣ ਕੇ ਕਿਹਾ, " ਕਾਕਾ ! ਤੂੰ ਹੈ ਤਾਂ ਬਾਲਕ ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈ" ਉਸ ਤੋਂ ਬਾਅਦ ਸੰਗਤਾਂ ਬਾਲਕ ਬੂੜੇ ਨੂੰ ਬੁੱਢਾ ਕਹਿਣ ਲੱਗ ਪਈਆਂ। ਅਗਲੇ ਦਿਨ ਤੋਂ ਬਾਲਕ ਬੁੱਢਾ ਜੀ ਆਪਣੇ ਮਾਤਾ-ਪਿਤਾ ਨੂੰ ਨਾਲ ਲੈ ਕੇ ਸਤਿਗੁਰਾਂ ਦੀ ਸ਼ਰਨ ਆਏ। ਕੀਰਤਨ ਅਤੇ ਗੁਰ-ਉਪਦੇਸ਼ ਦੀ ਸਮਾਪਤੀ ਉਪਰੰਤ ਗੁਰਦੇਵ ਨੇ ਬਾਲਕ ਬੁੱਢੇ ਵੱਲ ਇਸ਼ਾਰਾ ਕਰਕੇ ਭਾਈ ਸੁੱਘਾ ਜੀ ਨੂੰ ਪੁੱਛਿਆ ਕਿ ਇਹ ਬਾਲਕ ਉਨ੍ਹਾਂ ਦਾ ਹੈ ਤਾਂ ਭਾਈ ਸੁੱਘਾ ਜੀ ਨੇ ਨਿਮਰਤਾ ਹਲੀਮੀ ਸਹਿਤ ਉੱਤਰ ਦਿੱਤਾ ਕਿ ਹੁਣ ਤਾਂ ਤੁਹਾਡਾ ਹੀ ਹੈ। ਕੁਝ ਦਿਨਾਂ ਬਾਅਦ ਸਤਿਗੁਰੂ ਜੀ ਕਰਤਾਰਪੁਰ ਚਲੇ ਗਏ ਤਾਂ ਬੁੱਢਾ ਜੀ ਰੋਜ਼ਾਨਾ ਗੁਰ-ਦਰਬਾਰ ਦੀ ਹਾਜ਼ਰੀ ਭਰਦੇ। ਸੰਗਤਾਂ ਨੂੰ ਪੱਖਾ ਝੱਲਣ ਅਤੇ ਭੋਜਨ-ਪਾਣੀ ਛਕਾਉਣ ਦੀ ਸੇਵਾ ਕਰਦੇ। ਲੰਗਰ ਲਈ ਬਾਹਰੋਂ ਲੱਕੜਾਂ ਬਾਲਣ ਵੱਢ ਕੇ ਲਿਆਉਂਦੇ। ਮਾਲ ਡੰਗਰ ਦੀ ਸਾਂਭ-ਸੰਭਾਲ ਕਰਨ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਪਾਸੋਂ ਸ਼ਬਦ ਸਰਵਣ ਕਰਦੇ। ਬਾਬਾ ਜੀ ਨੂੰ ਕਾਫੀ ਗੁਰਬਾਣੀ ਕੰਠ ਹੋ ਗਈ।

ਜਗਤ-ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸੰਮਤ ੧੫੭੫ (ਸੰਨ 1518) ਵਿਚ ਸੰਸਾਰੀ ਜੀਵਾਂ ਦੇ ਉਧਾਰ ਹਿਤ ਚੌਥੀ ਉਦਾਸੀ ਲਈ ਕਰਤਾਰਪੁਰੋਂ ਤੁਰੇ ਤਾਂ ਬੁੱਢਾ ਜੀ ਨੂੰ ਆਪਣੇ ਪਰਿਵਾਰ ਅਤੇ ਧਰਮਸਾਲ ਦੀ ਸੇਵਾ-ਸੰਭਾਲ ਸੌਂਪ ਦਿੱਤੀ। ਗੁਰੂ ਜੀ ਜਦੋਂ ਘਰ ਤੋਂ ਤੁਰਨ ਲੱਗੇ ਤਾਂ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਵੈਰਾਗ ਭਰੇ ਸ਼ਬਦਾਂ ਵਿਚ ਨਮਸਕਾਰ ਕੀਤੀ ਤੇ ਕਿਹਾ ਕਿ ਹੁਣ ਮੈਂ ਆਪਜੀ ਦੇ ਦਰਸ਼ਨ ਕੀਤੇ ਬਿਨਾਂ ਨਹੀਂ ਰਹਿ ਸਕਦਾ। ਗੁਰੂ ਸਾਹਿਬ ਨੇ ਆਪਣੇ ਲਾਡਲੇ ਪਿਆਰੇ ਸਿੱਖ ਨੂੰ ਹੌਂਸਲਾ-ਅਸੀਸ ਦੇਂਦਿਆਂ ਕਿਹਾ,"ਬੁੱਢਾ! ਤੈਥੋਂ ਓਹਲੇ ਨਾ ਹੋਸਾਂ"। ਗੁਰੂ ਜੀ ਦੇ ਜਾਣ ਪਿੱਛੋਂ ਜਦ ਸਿੱਖ ਸੰਗਤ ਬਾਬਾ ਜੀ ਨੂੰ ਗੁਰੂ ਸਿੱਖਿਆਵਾਂ ਅਤੇ ਸਿੱਖ ਸਿਧਾਂਤ ਬਾਰੇ ਪੁੱਛਦੇ ਤਾਂ ਆਪ ਬੜੇ ਪਿਆਰ ਅਦਬ ਨਾਲ ਸਮਝਾਉਂਦੇ।

ਉਦਾਸੀ ਤੋਂ ਵਾਪਸ ਆਉਣ ਉਪਰੰਤ ਭਾਈ ਸੁੱਘਾ ਜੀ ਅਤੇ ਮਾਤਾ ਗੌਰਾਂ ਜੀ ਨੇ ਗੁਰੂ ਸਾਹਿਬ ਜੀ ਦੀ ਆਗਿਆ ਪ੍ਰਾਪਤ ਕਰਕੇ ਆਪਜੀ ਦਾ ਵਿਆਹ 15 ਫੱਗਣ ਸੰਮਤ ੧੫੮੦ (ਸੰਨ 1523) ਵਾਲੇ ਦਿਨ ਬਟਾਲਾ ਨਜ਼ਦੀਕ ਪਿੰਡ ਅੱਚਲ ਦੇ ਵਸਨੀਕ ਇੱਕ ਗੁਰਸਿੱਖ ਦੀ ਸਪੁੱਤਰੀ ਬੀਬੀ ਮਿਰੋਆ ਜੀ ਨਾਲ ਕੀਤਾ। ਬਾਬਾ ਜੀ ਦੇ ਵਿਆਹ ਵਿਚ ਮਾਤਾ ਸੁਲੱਖਣੀ ਜੀ, ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਗੁਰੂ ਜੀ ਦੀ ਆਗਿਆ ਨਾਲ ਸ਼ਾਮਿਲ ਹੋਏ। ਬਾਬਾ ਜੀ ਦੇ ਘਰ ਮਾਤਾ ਮਿਰੋਆ ਜੀ ਦੀ ਕੁਖੋਂ ਭਾਈ ਸੁਧਾਰੀ ਜੀ (1528), ਭਾਈ ਭਿਖਾਰੀ ਜੀ (1531), ਭਾਈ ਮਹਿਮੂ ਜੀ (1533) ਅਤੇ ਭਾਈ ਭਾਨਾ ਜੀ (1536) ਨੇ ਜਨਮ ਲਿਆ। ਬਾਬਾ ਜੀ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਗੁਰੂ ਘਰ ਦੀ ਸੇਵਾ ਵਿਚ ਨਿਮਰਤਾ ਸਹਿਤ ਹਾਜ਼ਰ ਰਹਿੰਦੇ ਸਨ।

ਅਕਤੂਬਰ-ਨਵੰਬਰ ਸੰਨ 1532 ਵਿਚ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਗੁਰੂ ਚਰਨਾਂ ਵਿਚ ਹਾਜ਼ਰ ਹੋ ਗਏ। ਉਨ੍ਹਾਂ ਨੇ ਖਡੂਰ ਸਾਹਿਬ ਵਿਚ ਇਕ ਗੁਰਸਿੱਖ ਭਾਈ ਜੋਧ ਦੀ ਰਸਨਾ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਰਵਣ

ਕੀਤੀ। ਆਪਣੀ ਮਾਂ-ਬੋਲੀ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਧੁਰ ਕੀ ਬਾਣੀ' ਨੇ ਅਜਿਹੀ ਖਿੱਚ ਪਾਈ ਕਿ ਉਹ ਕਰਤਾਰਪੁਰ ਆ ਕੇ ਗੁਰੂ ਨਾਨਕ ਦੇਵ ਜੀ ਦੇ ਹੀ ਹੋ ਕੇ ਰਹਿ ਗਏ। ਬਾਬਾ ਬੁੱਢਾ ਜੀ ਅਤੇ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਵੱਲੋਂ ਥਾਪੀ ਧਰਮਸਾਲ ਦੇ ਮੁਖੀ ਗੁਰਮੁੱਖ ਸਿੱਖ ਹੋ ਗਏ। ਆਪਣੀ ਕਾਇਆ ਦਾ ਅੰਤ ਸਮਾਂ ਜਾਣ ਕੇ 17 ਹਾੜ ਸੰਮਤ 1596 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਰਿਵਾਰ ਅਤੇ ਸੰਗਤਾਂ ਦਾ ਇਕੱਠ ਕਰਕੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਵਜੋਂ ਸਤਿਕਾਰਤ ਕਰਕੇ ਗੁਰਗੱਦੀ ਤੇ ਬਿਠਾ ਪੰਜ ਪੈਸੇ ਅਤੇ ਨਾਰੀਅਲ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਪ੍ਰਕਰਮਾਂ ਕੀਤੀਆਂ। ਬਾਬਾ ਬੁੱਢਾ ਜੀ ਨੂੰ ਪੂਰਨ ਗੁਰਸਿੱਖ ਹੋਣ ਅਤੇ ਸਿੱਖੀ ਨੂੰ ਸਹੀ ਅਰਥਾਂ ਵਿਚ ਸਮਝਣ ਕਰਕੇ ਸਤਿਗੁਰਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਤਿਲਕ ਲਗਾਉਣ ਦੀ ਆਗਿਆ ਕੀਤੀ। ਬਾਬਾ ਜੀ ਨੇ ਤਿਲਕ ਲਾਇਆ, ਪ੍ਰਕਰਮਾਂ ਕੀਤੀਆਂ ਅਤੇ ਚਰਨਾਂ ਤੇ ਮੱਥਾ ਟੇਕਿਆ। ਸੰਗਤਾਂ ਵਿੱਚ ਬਾਬਾ ਜੀ ਦਾ ਸਤਿਕਾਰ ਬਹੁਤ ਵੱਧ ਗਿਆ।

ਗੁਰੂ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਕਰਤਾਰ-ਪੁਰ ਤੋਂ ਭਰੇ ਮਨ ਅਤੇ ਸੇਜਲ ਅੱਖਾਂ ਨਾਲ ਗੁਰਦੇਵ ਨੂੰ ਨਮਸਕਾਰ ਕਰਕੇ ਖਡੂਰ ਵਿਖੇ ਆਪਣੀ ਭੂਆ ਮਾਈ ਭਿਰਾਈ ਦੇ ਘਰ ਗੁਪਤਵਾਸ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਬਾਬਾ ਬੁੱਢਾ ਜੀ ਆਪਣੇ ਵਸਾਏ ਪਿੰਡ ਰਮ-ਦਾਸ ਵਿਖੇ ਆਪਣੇ ਪਰਿਵਾਰ ਵਿਚ ਆ ਕੇ ਗੁਰੂ ਜੀ ਦੀ ਮਿੱਠੀ ਪਿਆਰੀ ਯਾਦ ਵਿਚ ਨਾਮ ਜਪਦੇ ਅਤੇ ਕਿਰਤ ਕਰਦੇ। ਸੰਗਤਾਂ ਵੀ ਬਹੁਤ ਉਦਾਸ ਸਨ। ਸਭ ਸੰਗਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਤਾਂਘ ਮਨ-ਹਿਰਦਿਆਂ ਵਿਚ ਲੈ ਕੇ ਬਾਬਾ ਬੁੱਢਾ ਜੀ ਪਾਸ ਪਹੁੰਚੀਆਂ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਠਹਿਰਨ ਸਥਾਨ ਦਾ ਪਤਾ ਹੋਣ ਕਰਕੇ ਸਭ ਸੰਗਤਾਂ ਬਾਬਾ ਜੀ ਸੰਗ ਖਡੂਰ ਸਾਹਿਬ ਵਿਖੇ ਮਾਈ ਭਿਰਾਈ ਦੇ ਘਰ ਪਹੁੰਚ ਗਈਆਂ। ਉੱਥੇ ਪਹੁੰਚ ਕੇ ਸੰਗਤਾਂ ਨੇ ਗੁਰੂ ਨਾਨਕ ਬਾਣੀ ਦਾ ਕੀਰਤਨ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਬਾਣੀ ਦਾ ਕੀਰਤਨ ਸਰਵਣ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਸੰਗਤਾਂ ਵਿੱਚ ਆਣ ਵਿਰਾਜੇ।

ਸੰਗਤ ਦੀ ਅਰਜ਼ੋਈ ਕਰਨ ਤੇ ਖਡੂਰ ਸਾਹਿਬ ਦੀਵਾਨ ਸਜਣ ਲੱਗ ਪਏ। ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਸ੍ਰੀ ਅਮਰ ਦਾਸ ਜੀ (ਜੋ ਹਾਲੇ ਗੁਰੂ ਅੰਗਦ ਸਾਹਿਬ ਦੀ ਸੇਵਾ ਵਿਚ ਸਨ) ਨੇ ਬਾਬਾ ਬੁੱਢਾ ਜੀ ਅਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਭਾਈ ਗੋਂਦੇ ਦੀ ਬੇਨਤੀ ਤੇ ਗੋਵਿੰਦਵਾਲ ਨਗਰ ਦੀ ਨੀਂਹ ਰੱਖੀ। ਸਤਿਗੁਰ ਜੀ ਨੇ ਬਾਬਾ ਬੁੱਢਾ ਜੀ ਨੂੰ ਇਹ ਸੇਵਾ ਸੌਂਪੀ ਕਿ ਆਪ ਸਾਰੀ ਗੁਰਬਾਣੀ ਗੁਰਮੁਖੀ ਅੱਖਰਾਂ ਵਿਚ ਲਿਖਵਾਓ ਅਤੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣ ਦੀ ਸੇਵਾ ਕਰੋ। ਗਿਆਨੀ ਨਰੈਣ ਸਿੰਘ ਵੱਲੋਂ **ਜੀਵਨ ਬ੍ਰਿਤਾਂਤ ਬਾਬਾ ਬੁੱਢਾ ਜੀ** ਵਿਚ ਦਰਜ ਹੈ ਕਿ ਇਸ ਤੋਂ ਪਹਿਲਾਂ ਗੁਰਬਾਣੀ ਗੁਰਮੁਖੀ ਅੱਖਰਾਂ, ਲੰਡਿਆਂ ਅਤੇ ਟਾਕਰੀ ਲਿਪੀ ਵਿਚ ਲਿਖੀ ਹੋਈ ਸੀ। ਗੁਰਬਾਣੀ ਨੂੰ ਹਿਰਦੇ ਵਿਚ ਵਸਾਈ ਸ੍ਰੀ ਅਮਰ ਦਾਸ ਜੀ ਗੁਰੂ ਅੰਗਦ ਦੇਵ ਜੀ ਅਤੇ ਸੰਗਤਾਂ ਦੀ ਸੇਵਾ ਕਰਨ ਵਿਚ ਹੀ ਮਗ਼ਨ ਰਹਿੰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰ ਦਾਸ ਜੀ ਦੀ ਸੇਵਾ ਅਤੇ ਉਨ੍ਹਾਂ ਦੇ ਗੁਰਸਿੱਖੀ ਜੀਵਨ ਜਾਚ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਗੁਰਗੱਦੀ ਸੌਂਪਣ ਦਾ ਫ਼ੈਸਲਾ ਕੀਤਾ। ਚੇਤਰ ਸੁਦੀ ਚਾਰ ਸੰਮਤ ੧੬੦੯ ਮੁਤਾਬਕ 29 ਮਾਰਚ ਸੰਨ 1552 ਵਾਲੇ ਦਿਨ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਤਿਲਕ ਲਗਾ ਕੇ ਸਤਿਗੁਰ ਨਾਨਕ ਦੇਵ ਜੀ ਪਾਸੋਂ ਮਿਲੀ ਜ਼ਿੰਮੇਵਾਰੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਪਜੀ ਨੇ ਬਾਬਾ ਬੁੱਢਾ ਜੀ ਪਾਸੋਂ ਟੱਕ ਲਵਾ ਕੇ ਬਾਉਲੀ ਸਾਹਿਬ ਦੀ ਉਸਾਰੀ ਕਰਵਾਈ। ਆਪਣੇ ਪਿੰਡ ਬਾਸਰਕੇ ਗਿੱਲਾਂ ਤੋਂ ਕਾਫੀ ਪਰਿਵਾਰਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਵਸਾਇਆ, ਜਿਨ੍ਹਾਂ ਵਿਚ ਭਾਈ ਜੇਠਾ ਜੀ ਅਤੇ ਉਨ੍ਹਾਂ ਦੀ ਨਾਨੀ ਵੀ ਸ਼ਾਮਿਲ ਸਨ। ਬਾਉ-ਲੀ ਸਾਹਿਬ ਦੀ ਸਨਿਮਰਤਾ ਸਹਿਤ ਸੇਵਾ ਕਰਦੇ, ਸੰਗਤਾਂ ਦੀ ਟਹਿਲ-ਸੇਵਾ ਕਰਦੇ ਅਤੇ ਹਿਰਦੇ ਵਿਚ ਵਸਾਈ ਨਾਮ-ਬਾਣੀ ਦਾ ਗਾਇਨ ਕਰਦੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੀ ਗੁਰੂ-ਆਸ਼ੇ ਅਨੁਸਾਰ ਜੀਵਨ-ਜਾਚ ਤੋਂ ਗੁਰੂ ਅਮਰਦਾਸ ਜੀ ਪ੍ਰਭਾਵਿਤ ਹੋ ਗਏ। ਪਰਿਵਾਰ ਦੀ ਸਹਿਮਤੀ ਨਾਲ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਵੇਖ ਗੁਰੂ ਅਮਰਦਾਸ ਜੀ ਨੇ ਭਾਦਰੋਂ ਸੁਦੀ 13 ਸੰਮਤ ੧੬੩੧ (ਸੰਨ 1574) ਵਿਚ ਸਾਰੀ ਸੰਗਤ ਅਤੇ ਆਪਣੇ ਪਰਿਵਾਰ ਸਾਹਮਣੇ ਬਾਬਾ ਬੁੱਢਾ ਜੀ ਪਾਸੋਂ ਗੁਰਗੱਦੀ ਤਿਲਕ ਲਵਾ ਕੇ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਸੁਲਤਾਨਵਿੰਡ, ਗੁਮਟਾਲਾ, ਤੁੰਗ ਅਤੇ ਗਿਲਵਾਲੀ ਪਿੰਡਾਂ ਦੀ ਜੂਹ ਵਿਚ 5 ਹਾੜ ਸੰਮਤ ੧੬੨੭ ਨੂੰ ਇੱਕ ਨਵਾਂ ਨਗਰ 'ਗੁਰੂ ਕਾ ਚੱਕ' ਵਸਾਉਣ ਲਈ ਨੀਂਹ ਧਰ ਦਿੱਤੀ। ਇਸ ਨਗਰ ਦੀ ਉਸਾਰੀ ਦਾ ਸਾਰਾ ਕਾਰਜ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਇਆ। ਜਦੋਂ ਗੁਰੂ ਅਰਜਨ ਦੇਵ ਜੀ ਜੋ ਗੁਰੂ ਆਗਿਆ ਅਨੁਸਾਰ ਸਭ ਸੇਵਾਵਾਂ ਨਿਭਾ ਰਹੇ ਸਨ, ਨੂੰ ਗੁਰਗੱਦੀ ਸੌਂਪਣ ਦਾ ਵਕਤ ਆਇਆ ਤਾਂ ਉੱਥੇ ਵੀ ਗੁਰਗੱਦੀ ਤਿਲਕ ਬਾਬਾ ਬੁੱਢਾ ਜੀ ਨੇ ਹੀ ਲਗਾਇਆ।

ਗੁਰੂ ਅਰਜਨ ਦੇਵ ਜੀ ਨੇ ਸਭ ਤਰ੍ਹਾਂ ਦੇ ਵਪਾਰੀ ਅਤੇ ਕਿਰਤੀ ਬੁਲਾ ਕੇ ਗੁਰੂ ਕਾ ਚੱਕ ਵਿਖੇ ਵਸਾਏ। ਅੰਮ੍ਰਿਤ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਸਾਲ੍ਹੋ ਅਤੇ ਹੋਰ ਗੁਰਸਿੱਖਾਂ ਦੀ ਨਿਗਰਾਨੀ ਹੇਠ ਗੁਰੂ ਸਾਹਿਬ ਨੇ ਕਰਵਾਈ। ਉਪਰੰਤ ਬਾਬਾ ਬੁੱਢਾ ਜੀ ਝਬਾਲ ਪਰਗਨੇ ਵਾਲੀ ਜਾਗੀਰ ਦੀ ਸੰਭਾਲ ਲਈ ਬੀੜ ਵਿਖੇ ਚਲੇ ਗਏ। ਇਸ ਸਮੇਂ ਦੌਰਾਨ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਟੱਕ ਲਵਾ ਕੇ ਤਰਨ ਤਾਰਨ ਅਤੇ ਕਰਤਾਰਪੁਰ ਵਸਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਭਾਈ ਗੁਰਦਾਸ ਜੀ ਪਾਸੋਂ ਪੂਰਾ ਕਰਕੇ ਸੰਮਤ ੧੬੬੧ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿੱਤਾ। ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਗਿਆ ਕੀਤੀ,

**ਬੁੱਢਾ ਸਾਹਿਬ ਖੋਲਹੁ ਗ੍ਰਿੰਥ। ਲੇਹੁ ਅਵਾਜ਼ ਸੁਨਹਿ ਸਭਿ ਪੰਥ॥**
**ਅਦਬ ਸੰਗ ਤਬ ਗ੍ਰਿੰਥ ਸੁ ਖੋਲਾ। ਲੇ ਅਵਾਜ਼ ਬੁੱਢਾ ਮੁਖ ਬੋਲਾ॥**


ਸੂਹੀ ਮਹਲਾ ੫॥

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ**

(ਅੰਗ ੭੮੩)

ਬਾਬਾ ਜੀ ਦਾ ਬਹੁਤਾ ਵਕਤ ਹੁਣ ਬੀੜ ਸਾਹਿਬ ਵਿਖੇ ਹੀ ਬਤੀਤ ਹੁੰਦਾ ਸੀ। ਉਸ ਧਾਮ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਲਈ ਅਰਦਾਸ ਮਾਤਾ ਗੰਗਾ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਹੀ ਕਰਾਈ ਸੀ। ਬਾਲ

**(ਬਾਕੀ ਪੰਨਾ 9 'ਤੇ)**




# ਬੈਲਜੀਅਮ 'ਚ ਸਿੱਖ

❖ ਸਵਰਨ ਸਿੰਘ ਕਾਹਲੋਂ

ਬੈਲਜੀਅਮ 'ਚ ਵਾਸ ਕਰਦੇ ਸਿੱਖਾਂ ਉਪਰ ਖੋਜ ਕਰਦੇ ਉੱਥੋਂ ਦੇ ਦੋ ਵਿਦਿਆਰਥੀ (ਸਾਰਾ ਕਾਸਮੈਨਸ ਅਤੇ ਕਿਊਨਸੀ ਕਲੰਅਤ) ਦੇ ਸੰਪਰਕ 'ਚ ਰਹਿਣ ਕਾਰਨ ਮੇਰੀ ਬੈਲਜੀਅਮ ਦੀ ਫੇਰੀ ਬਹੁਤ ਦਿਲਚਸਪ ਰਹੀ। ਇਸ ਛੋਟੇ ਦੇਸ਼ 'ਚ ਪੰਜ ਗੁਰਦੁਆਰੇ ਹਨ। ਜ਼ਿਆਦਾਤਰ ਸਿੱਖ ਅਵਾਸੀਆਂ ਕੋਲ ਬੈਲਜੀਅਮ ਪਾਸਪੋਰਟ ਹਨ। ਬਹੁਤ ਸਾਰੇ ਸਿੱਖ ਸਿਪਾਹੀ ਜੋ ਪਹਿਲੇ ਵਿਸ਼ਵ ਯੁੱਧ 'ਚ ਅੰਗਰੇਜ਼ ਫ਼ੌਜ ਦਾ ਹਿੱਸਾ ਹੁੰਦਿਆਂ ਲੜੇ ਅਤੇ ਵੀਰਗਤੀ ਨੂੰ ਪ੍ਰਾਪਤ ਹੋਏ। 2-4 ਅਪ੍ਰੈਲ, 1999 ਨੂੰ ਬੈਲਜੀਅਮ, ਨੀਦਰਲੈਂਡਸ, ਫਰਾਂਸ ਅਤੇ ਬ੍ਰਿਟੇਨ ਤੋਂ ਬਹੁਤ ਸਾਰੇ ਸਿੱਖ ਵਿਸਾਖੀ ਅਤੇ ਖਾਲਸੇ ਦੇ 300 ਸਾਲਾ ਪ੍ਰਗਟ-ਦਿਵਸ ਨੂੰ ਮਨਾਉਣ ਲਈ ਯਾਈਪਰੈਸ ਦੇ ਬੈਲਜੀਅਮ ਸ਼ਹਿਰ 'ਚ ਇਕੱਠੇ ਹੋਏ।

ਪਹਿਲੀ ਵਿਸ਼ਵ ਜੰਗ 'ਚ ਸਾਈਪਰੈਸ ਦੁਆਲੇ ਪ੍ਰਥਕ ਕਤਾਰ 'ਚ ਲੜਦਿਆਂ ਸ਼ਹੀਦ ਹੋਏ ਭਾਰਤੀ ਫ਼ੌਜੀਆਂ ਦੀ ਯਾਦ 'ਚ ਸਮਾਗਮ ਵੀ ਕੀਤਾ ਗਿਆ। ਵਿਸਾਖੀ ਤੇ ਹਰ ਸਾਲ, ਭਾਵੇਂ ਛੋਟੇ ਪੱਧਰ ਤੇ ਹੀ, ਇਸ ਯਾਦਗਾਰੀ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ। ਆਪਣੀ ਫੇਰੀ ਦੌਰਾਨ ਅਸੀਂ ਸਾਰਾ ਕਾਸਮੈਨਸ ਅਤੇ ਉਸਦੇ ਮਾਤਾ-ਪਿਤਾ ਦੇ ਨਿਵਾਸ ਵਿਖੇ ਹੀ ਰੁਕੇ।

## ਇਹ ਦੇਸ਼

ਤਿੰਨ ਸਰਕਾਰੀ ਭਾਸ਼ਾਵਾਂ ਵਾਲੇ ਇਸ ਦੇਸ਼ ਦੀ ਅਬਾਦੀ ਇਕ ਕਰੋੜ ਹੈ। ਡਿਜੀਟਲੀ ਇਹ ਦੇਸ਼ ਇੰਨਾ ਵਿਕਸਿਤ ਹੈ ਕਿ ਬਹੁਤ ਥਾਵਾਂ ਤੇ ਬੈਂਕਾਂ ਨੇ ਚੈੱਕਾਂ ਦੀ ਵਰਤੋਂ ਬੰਦ ਕਰ ਦਿੱਤੀ ਹੈ। ਸਾਨੂੰ ਯਾਤਰੂ ਚੈੱਕਾਂ ਨੂੰ ਤੁੜਵਾਉਣ 'ਚ ਮੁਸ਼ਕਲ ਪੇਸ਼ ਆਉਂਦੀ ਸੀ ਜੋ ਕੇ ਵਿਦੇਸ਼ਾਂ 'ਚ ਪੈਸੇ ਲਿਜਾਣ ਦਾ ਇਕ ਪ੍ਰਮੁੱਖ ਵਿਕਲਪ ਸੀ।

ਬੈਲਜੀਅਮ ਨੇ ਇਕ ਅਜਿਹਾ ਮੁਕਾਮ ਹਾਸਲ ਕੀਤਾ ਜਿਸਨੇ ਯੂਰੋਪੀਅਨ ਸ਼ਕਤੀ ਸੰਤੁਲਨ ਨੂੰ ਨਿਰਧਾਰਿਤ ਕੀਤਾ। ਇੱਥੇ ਉੱਤਰ 'ਚ ਰੋਮਨਾਂ ਦੀ ਜਰਮਨ ਕਬੀਲਿਆਂ ਨਾਲ ਇਕ ਖ਼ਾਸ ਸਰਹੱਦ ਸਾਂਝੀ ਸੀ, ਇੱਥੇ ਹੀ ਸਪੈਨਿਸ਼ ਹਬਸਬਰਰਾਸ ਨੇ ਨੀਦਰਲੈਂਡਸ ਦੇ ਪ੍ਰੋਟੈਸਟੈਂਟ ਬਾਗ਼ੀਆਂ ਨਾਲ ਆਖ਼ਰ ਆਪਣਾ ਜੋੜ ਲੱਭਿਆ, ਇੱਥੇ ਹੀ ਨੈਪੋਲੀਅਨ ਨੇ ਵਾਰਲੂ ਦੇ ਕੰਢੇ ਲੜੀ ਆਖ਼ਰੀ ਜੰਗ 'ਚ ਭਾਂਜ ਖਾਧੀ। ਪਹਿਲੀ ਤੇ ਦੂਜੀ ਸੰਸਾਰ ਜੰਗ 'ਚ ਜਰਮਨਾਂ ਰਾਹੀਂ ਕਬਜ਼ਾਉਣ ਤੋਂ ਬਾਅਦ ਵੈਸਟਰਨ ਯੂਰੋਪੀਅਨ ਉਦਾਰ ਲੋਕਤੰਤਰ ਦਾ ਮਾਡਲ ਬਣਨ ਲਈ ਇਸਨੇ ਪਿਛਲੇ 50 ਵਰ੍ਹਿਆਂ 'ਚ ਇਕ ਆਰਥਕ ਉਭਾਰ ਦਾ ਅਨੁਭਵ ਹਾਸਲ ਕੀਤਾ। ਫਿਰ ਵੀ ਇੱਥੇ ਮੁੱਖ ਤੌਰ ਤੇ ਡਚ ਬੋਲਦੇ ਉੱਤਰ ਅਤੇ ਫਰੈਂਚ ਬੋਲਦੇ ਦੱਖਣ 'ਚ ਇਕ ਵਧਦਾ ਹੋਇਆ ਪਾੜਾ ਸੀ, ਨਾਲ ਹੀ ਰਾਜਧਾਨੀ ਬਰਸੈਲਸ 'ਚ ਅਵਾਸੀ ਭਾਈਚਾਰਿਆਂ 'ਚ ਵਧ ਰਹੇ ਇਸਲਾਮਿਕ ਅੱਤਵਾਦ ਦੇ ਮਸਲੇ ਵੀ ਸਨ।

ਬਰਸਲਸ 'ਚ ਯੂਰੋਪੀਅਨ ਯੂਨੀਅਨ ਅਤੇ ਨਾਟੋ (North Atlantic Treaty Organization) ਦੇ ਮੁੱਖ ਦਫ਼ਤਰ ਵੀ ਸਨ ਜਿਸ ਨੇ ਇਸਨੂੰ ਵੱਡੀ ਗਿਣਤੀ 'ਚ ਕੌਮਾਂਤਰੀ ਨੀਤੀਵਾਨਾਂ ਅਤੇ ਸਿਵਲ ਮੁਲਾਜ਼ਮਾਂ ਦਾ ਕੇਂਦਰ ਬਣਾਇਆ ਹੋਇਆ ਸੀ।



ਗੁਰਦੁਆਰਾ ਸਿੰਘ ਸਭਾ, ਬੈਲਜੀਅਮ।

## ਐਚ.ਐਲ.ਸੀ. ਰਿਪੋਰਟ 2001

### ਬੈਲਜੀਅਮ ਅਤੇ ਲੈਕਸਮਬਰਗ

ਛੋਟੇ ਦੇਸ਼ਾਂ 'ਚ ਭਾਰਤੀਆਂ ਦੀ ਤਾਦਾਦ ਬਹੁਤ ਘੱਟ ਸੀ। ਬੈਲਜੀਅਮ ਦੀ ਇਕ ਕਰੋੜ ਦੀ ਅਬਾਦੀ 'ਚ ਉਹ ਸੱਤ ਹਜ਼ਾਰ ਸਨ ਮਸਾਂ .069 ਫ਼ੀਸਦੀ। ਲੈਕਸਮਬਰਗ 'ਚ 4,35,700 ਵਸੋਂ 'ਚੋਂ ਭਾਰਤੀ 3000 ਹਨ ਤਕਰੀਬਨ ਫ਼ੀਸਦੀ ਵਸੋਂ ਉੱਨੀ ਹੀ ਹੈ। ਬੈਲਜੀਅਮ ਦੀ ਪ੍ਰਤੀ ਵਿਅਕਤੀ ਆਮਦਨ ਔਸਤਨ 23,861 ਡਾਲਰ ਹੈ ਜਦਕਿ ਭਾਰਤੀ ਭਾਈਚਾਰੇ ਦੀ ਪ੍ਰਤੀ ਵਿਅਕਤੀ ਆਮਦਨ ਦਾ ਪਤਾ ਨਹੀਂ ਹੈ। ਸਮਾਜ ਦੇ ਪੇਸ਼ਾਵਰ ਜਾਂ ਖ਼ੁਸ਼ਹਾਲ ਵਰਗ 'ਚ ਉਸਦੀ ਸਥਿਤੀ ਅੰਕਿਤ ਹੈ। ਆਂਤਵੈਰਪ, ਘੈਂਟ, ਬਰੁਸੈਲਸ ਅਤੇ ਲੀਜ਼ ਜਿਹੇ ਸ਼ਹਿਰਾਂ 'ਚ ਕਾਰਜਰੱਤ ਭਾਰਤੀ ਸਾਫਟਵੇਅਰ, ਹੀਰਾ ਵਪਾਰ ਅਤੇ ਸਥਾਨਕ ਉਦਯੋਗਾਂ 'ਚ ਲਗੇ ਹੋਏ ਹਨ। ਗੁਜਰਾਤ ਦੇ ਪਾਲਨਪੁਰ ਜ਼ਿਲ੍ਹੇ 'ਚੋਂ ਅਵਾਸੀਆਂ ਦੇ ਇਕ ਵਰਗ ਨੇ ਹੀਰਿਆਂ ਦੇ ਵਪਾਰ 'ਚ ਲੱਗੇ ਜੀਊਇਸ਼ ਭਾਈਚਾਰੇ ਨਾਲ ਕੰਮ ਕਰਨ ਲਈ ਐਂਤਵਰਪ ਦੀ ਪੋਰਟ ਸਿਟੀ 'ਚ ਵਾਸਾ ਕੀਤਾ ਤੇ ਫਿਰ ਆਖ਼ਰਕਾਰ ਆਪਣੇ ਪੱਧਰ ਤੇ ਕੰਮ ਸ਼ੁਰੂ ਕਰ ਲਿਆ। ਐਂਟਵਰਪ 'ਚ ਵੱਸਦੇ ਭਾਰਤੀਆਂ ਨੇ ਸਿੱਕੇਬੰਦ ਨਿਟ ਗਰੁੱਪ ਬਣਾਇਆ ਅਤੇ ਉਹ ਭਾਰਤੀ ਤਿਉਹਾਰਾਂ ਨੂੰ ਚੜ੍ਹਦੀ ਕਲਾ 'ਚ ਮਨਾਉਣ ਲੱਗੇ। ਐਚ.ਸੀ.ਐਲ,

ਟੀ.ਸੀ.ਐਸ., ਇਨਫੋਸਿਸ ਵਰਗੀਆਂ ਭਾਰਤੀ ਸਾਫਟਵੇਅਰ ਕੰਪਨੀਆਂ ਬੈਲਜੀਅਮ 'ਚ ਹਨ ਜਦਕਿ ਭਾਰਤੀ ਸਾਫਟਵੇਅਰ ਪੇਸ਼ਾਵਰਾਂ ਦੀ ਸਵਿਫ਼ਟ, ਕਾਮਪੈਕ ਅਤੇ ਐਲਸਾਟੈਲ ਬਹੁਕੌਮੀ ਕੰਪਨੀਆਂ 'ਚ ਬਹੁਤ ਮੰਗ ਹੈ। ਬੈਲਜੀਅਮ 'ਚ ਭਾਰਤੀ ਪੇਸ਼ਾਵਰ ਇੱਥੋਂ ਦੇ ਜੁਆਨ ਤਬਕੇ ਦੀ ਨੁਮਾਇੰਦਗੀ ਕਰਦੇ ਹਨ। ਉੱਤਰ ਭਾਰਤ ਤੋਂ ਕੁਝ ਫਾਰਮ ਅਤੇ ਦੁਕਾਨਾਂ ਤੇ ਕੰਮ ਕਰਨ ਵਾਲੇ ਵੀ ਬੈਲਜੀਅਮ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿੰਦੇ ਹਨ। ਭਾਈਚਾਰੇ ਦੇ ਘੱਟਗਿਣਤੀ 'ਚ ਹੋਣ ਦੇ ਬਾਵਜੂਦ ਇੱਥੇ ਉਹਨਾਂ ਦੀਆਂ ਕਈ ਭਾਰਤੀ ਸਭਿਆਚਾਰਕ ਸੰਸਥਾਵਾਂ ਹਨ। ਇਨ੍ਹਾਂ 'ਚੋਂ ਭਾਰਤੀ ਸਮਾਜ, ਐਂਟਵਰਪ ਇੰਡੀਆ ਐਸੋਸੀਏਸ਼ਨ ਪ੍ਰਮੁੱਖ ਹਨ। 1966 'ਚ ਐਂਟਵਰਪ 'ਚ ਇਕ ਇੰਡੀਆ ਸਟੱਡੀ ਸੈਂਟਰ ਸਥਾਪਿਤ ਹੋਇਆ। ਬਰੁਸੈਲ, ਸਿੰਤ-ਟਰਿਊਡੈਨ ਅਤੇ ਐਂਤਵਰਪ 'ਚ ਕੁਝ ਮੰਦਰ ਤੇ ਗੁਰਦੁਆਰੇ ਵੀ ਭਾਰਤੀਆਂ ਨੇ ਕਾਇਮ ਕੀਤੇ। ਭਾਰਤੀ ਭਾਈਚਾਰੇ ਦੀ ਇੱਥੋਂ ਸਥਾਨਕ ਵੱਸੋਂ ਨਾਲ ਚੰਗੇ ਸੰਬੰਧ ਹਨ। ਘੱਟਗਿਣਤੀ 'ਚ ਹੋਣ ਕਰਕੇ ਉਹ ਰਾਜਨੀਤਕ ਤੌਰ ਤੇ ਜ਼ਿਆਦਾ ਸਰਗਰਮ ਨਹੀਂ ਹਨ। ਭਾਰਤੀ ਭਾਈਚਾਰਾ ਇੱਥੋਂ ਦੇ ਕਾਨੂੰਨਾਂ ਦਾ ਪੂਰੀ ਤਰ੍ਹਾਂ ਪਾਲਨ ਕਰਦਾ ਹੈ। ਬਹੁਤ ਥੋੜ੍ਹੇ ਜਿਹੇ ਗਿਣਤੀ 'ਚ ਭਾਰਤੀ ਲੈਕਸਮਬਰਗ ਅਧਾਰਿਤ ਵਿੱਤੀ ਸੰਸਥਾਵਾਂ 'ਚ ਕੰਮ ਕਰਦੇ ਹਨ। ਨੀਦਰਲੈਂਡਸ 'ਚ ਬੈਲਜੀਅਨਾਂ ਵੱਲੋਂ ਲਗਾਤਾਰ ਭਾਰਤ ਤੋਂ ਬੱਚੇ ਗੋਦ ਲਏ ਜਾਂਦੇ ਹਨ।

## ਸਿੱਖ ਅਵਾਸ

ਸਾਰਾ ਕਾਜ਼ਮੈਨਸ ਅਤੇ ਆਈਡਲਬਾਲਡ ਗੋਦੀਰੀਸ ਦੀ 'ਇੰਡੀਅਨ ਮਾਈਗਰੇਸ਼ਨ ਟੂ ਬੈਲਜ਼ੀਅਮ' ਦੇ ਸਿਰਲੇਖ ਹੇਠ ਕਰੀਮ ਇੰਡੀਆ ਰਿਸਰਚ ਰਿਪੋਰਟ 2013/45 'ਚ ਇਹ ਹਵਾਲਾ ਮਿਲਦਾ ਹੈ। ਭਾਰਤੀ ਪਰਵਾਸੀਆਂ 'ਚੋਂ ਸਿੱਖ ਜੋ ਹੈਸਬੇਅ ਦੇ ਫਰੂਟ ਖੇਤਰ 'ਚ 1980 ਤੋਂ ਬਾਅਦ ਆ ਕੇ ਵੱਸੇ, ਸਭ ਤੋਂ ਵੱਡਾ ਗਰੁੱਪ ਹਨ। ਬੈਲਜੀਅਮ 'ਚ ਵਾਸ ਕਰਦਾ ਸਿੱਖ ਭਾਈਚਾਰਾ ਸ਼ਾਇਦ ਸਭ ਤੋਂ ਵੱਧ ਦ੍ਰਿਸ਼ਟਮਾਨ ਭਾਈਚਾਰਾ ਹੈ। ਵੱਡੀ ਗਿਣਤੀ 'ਚ ਬੈਲਜੀਅਨ ਸਿੱਖ ਦਸਤਾਰਧਾਰੀ ਹਨ। ਬੈਲਜੀਅਨਾਂ ਦਾ ਸਿੱਖਾਂ ਨਾਲ ਵਾਸਤਾ ਪਹਿਲੀ ਸੰਸਾਰ ਜੰਗ ਦੇ ਦੌਰਾਨ ਪਿਆ ਜਦਕਿ ਬ੍ਰਿਟਿਸ਼ ਫ਼ੌਜਾਂ ਦਾ ਉਘੜਵਾਂ ਹਿੱਸਾ ਰਹੇ ਸਿੱਖ ਫਲੈਂਡਰਸ ਫੀਲਡਸ 'ਚ ਲੜ ਰਹੇ ਸਨ। ਐਪਰ ਬੈਲਜੀਅਮ 'ਚ ਪਹਿਲੇ ਸਿੱਖਾਂ ਦਾ ਪੱਕੇ ਤੌਰ ਤੇ ਵਾਸਾ 1972 'ਚ ਜਾ ਕੇ ਹੋਇਆ। ਉਹ ਯੂਗਾਂਡਾ 'ਚੋਂ ਆਏ ਸਨ ਜਿੱਥੋਂ ਕਿ ਭਾਰਤੀਆਂ ਨੂੰ ਉੱਥੋਂ ਦੇ ਤਾਨਾਸ਼ਾਹ ਇਦੀ ਅਮੀਨ ਦਾਦਾ ਨੇ ਬਾਹਰ ਕੱਢ ਦਿੱਤਾ ਸੀ। ਬੈਲਜੀਅਮ 175 ਯੂਗਾਂਡਾ ਏਸ਼ੀਅਨ ਸ਼ਰਨਾਰਥੀਆਂ ਦੇ ਪੱਕੇ ਪੁਨਰ-ਵਾਸ ਲਈ ਸਹਿਮਤ ਹੋ ਗਿਆ ਸੀ। ਇਹਨਾਂ ਸ਼ਰਨਾਰਥੀਆਂ 'ਚ ਅੱਠ ਸਿੱਖ ਪਰਿਵਾਰ ਸਨ। 1980 ਦੇ ਮੱਧ 'ਚ ਪੰਜਾਬ ਤੋਂ ਸਿੱਖਾਂ ਦਾ ਆਉਣਾ ਸ਼ੁਰੂ ਹੋਇਆ ਜੋ ਇਕ ਕ੍ਰਿਸ਼ਮਾ ਸੀ। ਉਹ ਸਭ ਮੁੱਖ ਤੌਰ ਤੇ ਜੁਆਨ ਤਬਕਾ ਸੀ ਜਿਨ੍ਹਾਂ ਭਾਰਤੀ ਸਰਕਾਰ ਅਤੇ ਸਿੱਖਾਂ ਦੇ ਹਿੰਸਕ ਟਕਰਾਓ 'ਚੋਂ ਗੁਜ਼ਰਦਿਆਂ ਇਹ ਰਸਤਾ ਅਖ਼ਤਿਆਰ ਕੀਤਾ। ਇਹ ਜਵਾਨ ਤਬਕਾ ਸਿੰਟ ਟਰਿਊਡੈਨ (ਲਿਮਬਰਗ) ਸ਼ਹਿਰ ਦੇ ਗਿਰਦ ਵੱਸ ਗਿਆ ਜਿੱਥੇ ਖੇਤੀ ਖੇਤਰ 'ਚ ਵੱਡੇ ਪੱਧਰ ਤੇ ਫ਼ਸਲੀ ਕਾਮਿਆਂ ਦੀ ਲੋੜ ਸੀ ਤੇ ਇਸ ਲੋੜ ਨੂੰ ਪਰਵਾਸੀ ਕਾਮਿਆਂ ਤੋਂ ਬਗ਼ੈਰ ਪੂਰਿਆ ਨਹੀਂ ਸੀ ਜਾ ਸਕਦਾ। ਨਵੀਂ ਸਦੀ ਦੇ ਪਹਿਲੇ ਦਹਾਕੇ 'ਚ ਭਾਈਚਾਰੇ 'ਚ ਵਿਸਤਾਰ ਹੋਇਆ ਅਤੇ ਕਾਫ਼ੀਆਂ ਨੇ ਬੈਲਜੀਅਨ ਨਾਗਰਿਕਤਾ ਹਾਸਲ ਕੀਤੀ। 2000 ਅਤੇ 2009 ਦੀ ਅਵਾਸੀਆਂ ਨੂੰ ਪੱਕਾ ਕਰਨ ਦੀ ਪਾਲਿਸੀ ਸਦਕੇ ਬਹੁਤ ਸਾਰੇ ਅਵਾਸੀਆਂ ਨੂੰ ਪਰਿਵਾਰ ਦੇ ਮੁੜ ਏਕੀਕਰਨ ਅਤੇ ਅਤੇ ਪਰਿਵਾਰ ਨਿਰਮਾਣ ਲਈ ਬੈਲਜੀਅਨ ਨਾਗਰਿਕਤਾ ਹਾਸਲ ਕਰਨ 'ਚ ਮਦਦ ਮਿਲੀ। ਬਹੁਤ ਸਾਰੇ ਆਦਮੀਆਂ ਜਿਨ੍ਹਾਂ ਨਾਗਰਿਕਤਾ ਹਾਸਲ ਕਰਨ ਲਈ ਇੱਥੋਂ ਦੀਆਂ ਔਰਤਾਂ ਨਾਲ ਵਿਆਹ ਰਚਾਏ ਸਨ, ਇਸ ਮੌਕੇ ਉਹ ਇਨ੍ਹਾਂ ਨੂੰ ਤਲਾਕ ਦੇ ਕੇ ਪੰਜਾਬ 'ਚ ਰਿਸ਼ਤਾ ਕਰਨ ਵਲ ਰੁਜੂਅ ਕਰ ਰਹੇ ਸਨ। 2000 ਅਵਾਸੀਆਂ ਦੇ ਪੱਕੇ ਹੋਣ ਨਾਲ ਸਿੱਖਾਂ ਦੀ ਗਿਣਤੀ ਉਚਿਤ ਰੂਪ 'ਚ ਵਧੀ, ਨਾਲ ਹੀ ਉਨ੍ਹਾਂ ਦੇ ਪਰਿਵਾਰ ਵੀ ਵੱਧੇ ਤੇ ਖ਼ੁਸ਼ਹਾਲੀ ਵੀ। ਖ਼ੁਸ਼ਹਾਲ ਸਿੱਖਾਂ ਨੇ ਜਾਇਦਾਦ ਖ਼ਰੀਦਣੀ ਅਤੇ ਮਕਾਨ ਉਸਾਰਨੇ ਸ਼ੁਰੂ ਕੀਤੇ। ਸਾਈਕਲਾਂ ਤੇ ਛੋਟੀਆਂ ਮੋਟਰਬਾਈਕਾਂ ਤੋਂ ਕਾਰਾਂ ਵਲ ਦਾ ਸਫ਼ਰ ਸ਼ੁਰੂ ਹੋਇਆ। ਸਿੱਖ ਅਵਾਸੀਆਂ ਨੇ ਪੂਰੇ ਦੇਸ਼ 'ਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਪਰ ਮੁੱਖ ਤੌਰ ਤੇ ਸਿੰਟ-ਟਰਿਊਡੈਨ, ਬਰਸਲਸ ਅਤੇ ਲੀਜ਼ 'ਚ ਉਹਨਾਂ ਦੀ ਵੱਡੀ ਗਿਣਤੀ ਸੀ। ਇੱਥੇ 10-15 ਹਜ਼ਾਰ ਸਿੱਖ ਵੱਸਦੇ ਹਨ ਜਿਨ੍ਹਾਂ 'ਚੋਂ ਗ਼ੈਰ-ਕਾਨੂੰਨੀ ਵੱਸੇ ਵੱਖਰੇ ਗਿਣੇ ਜਾ ਸਕਦੇ।

ਹੁਣੇ ਜਿਹੇ ਅਫ਼ਗਾਨ ਸਿੱਖਾਂ ਦੀ ਵੀ ਬੈਲਜੀਅਮ 'ਚ ਆਮਦ ਹੋਈ ਹੈ। ਇਨ੍ਹਾਂ 'ਚੋਂ ਵਧੇਰੇ ਐਂਤਵਰਪ 'ਚ ਹਨ ਅਤੇ ਕੁਝ ਘੱਟਗਿਣਤੀ 'ਚ ਹੋਰ ਥਾਵਾਂ ਤੇ ਵੀ ਵੱਸੇ ਹਨ। ਤਕਰੀਬਨ 5000 ਅਫ਼ਗ਼ਾਨ ਇੱਥੇ ਰਹਿੰਦੇ ਹਨ।

ਸਿੱਖਾਂ 'ਚ ਵਿਸ਼ਵਾਸ ਜਾਗ ਰਿਹਾ ਅਤੇ ਉਹ ਸਥਾਨਕ ਲੋਕਾਂ ਨਾਲ ਏਕੀਕ੍ਰਿਤ ਹੋ ਰਹੇ ਹਨ। ਉਹਨਾਂ 'ਚੋਂ ਕੁਝ ਸਰਕਾਰੀ ਦਫ਼ਤਰਾਂ ਵਲ ਰੁਜੂਅ ਕਰ ਰਹੇ ਹਨ। ਮੱਧਵਰਗੀ ਪਰਿਵਾਰ 'ਚੋਂ ਇਕ ਜਵਾਂ ਉਮਰੀ ਸਿੱਖ ਬੀਬੀ ਪਲਵਿੰਦਰ ਕੌਰ 2012 ਦੀਆਂ ਮਿਊਂਸੀਪਲ ਚੋਣਾਂ 'ਚ ਸੋਸ਼ਲਿਸਟ ਪਾਰਟੀ ਵੱਲੋਂ ਸਿਟੀ ਕੌਂਸਲ 'ਚ ਹੋਈ ਦੌੜ 'ਚ ਸਭ ਤੋਂ ਅੱਗੇ ਰਹੀ। ਇਕ ਸਿੱਖ ਦੁਕਾਨਦਾਰ ਅਵਤਾਰ ਸਿੰਘ ਨੇ ਉਸ ਬੀਬੀ ਦੀ ਮੁੱਢਲੀ ਕੋਸ਼ਿਸ਼ ਤੋਂ ਪ੍ਰੇਰਿਤ ਹੁੰਦਿਆਂ ਕਰਿਸ਼ਚਨ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਦੌੜ 'ਚ ਹਿੱਸਾ ਲਿਆ। ਸਿੱਖਾਂ ਨੇ ਖੇਡਾਂ, ਸਭਿਆਚਾਰਕ ਅਤੇ ਸਮਾਜਕ ਗਤੀਵਿਧੀਆਂ ਨੂੰ ਵਧਾਉਣ ਲਈ ਆਪਣੇ ਆਪ ਨੂੰ ਸੰਗਠਿਤ ਕੀਤਾ ਅਤੇ ਗੁਰਦੁਆਰਿਆਂ 'ਚ ਇਕੱਠੇ ਹੋ ਕੇ ਇਸ ਸੰਬੰਧੀ ਪ੍ਰੋਗਰਾਮ ਉਲੀਕੇ। ਇੱਥੇ ਤਿੰਨ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਗਏ: ਕਬੱਡੀ ਟੂਰਨਾਮੈਂਟ, ਨਗਰ-ਕੀਰਤਨ ਅਤੇ ਵਿਸਾਖੀ। 2004 'ਚ ਬਰੁਸੈਲਮ ਦੇ ਨੇੜੇ ਪਹਿਲਾ ਬੈਲਜੀਅਨ ਟੂਰਨਾਮੈਂਟ ਹੋਇਆ। ਉਪਰੰਤ 2006 ਦੀਆਂ ਗਰਮੀਆਂ 'ਚ ਸ਼ੇਰ-ਏ-ਪੰਜਾਬੀ ਕਬੱਡੀ ਕਲੱਬ ਬੈਲਜੀਅਨ ਨੇ ਹੈਸੈਲ (ਲਿਮਬਰਗ) 'ਚ ਸਲਾਨਾ ਕੌਮਾਂਤਰੀ ਟੂਰਨਾਮੈਂਟ ਰੱਖਿਆ ਜਿਸ ਵਿਚ ਭਾਰਤ ਅਤੇ ਯੂਰਪ ਦੀਆਂ ਟੀਮਾਂ ਦੇ ਕਬੱਡੀ ਮੈਚ ਕਰਵਾਏ ਗਏ।

ਨਗਰ-ਕੀਰਤਨਾਂ ਦੀ ਧੂਮ ਰਹੀ। 2008 ਅਕਤੂਬਰ 'ਚ ਬੈਲਜੀਅਨ ਦੇ ਸਿੰਟ ਟਰੂਡੈਨ 'ਚ ਪਹਿਲੇ ਨਗਰ-ਕੀਰਤਨ ਦਾ ਅਯੋਜਨ ਹੋਇਆ ਜਿਸ ਤੋਂ ਇਕ ਮਹੀਨੇ ਬਾਅਦ ਹੋਪਰਟਿਨਜੈਨ 'ਚ ਦੂਜਾ ਨਗਰ-ਕੀਰਤਨ ਨਿਕਲਿਆ। ਤੇ ਫਿਰ ਹੋਰਨਾਂ ਗੁਰਦੁਆਰਿਆਂ ਵੱਲੋਂ ਵੀ ਖ਼ਾਸ ਮੌਕਿਆਂ ਤੇ ਨਗਰ-ਕੀਰਤਨ ਕੱਢੇ ਗਏ। ਇਨ੍ਹਾਂ ਨਗਰ-ਕੀਰਤਨਾਂ 'ਚ ਪੂਰੇ ਦੇਸ਼ 'ਚੋਂ ਅਤੇ ਗੁਆਂਢੀ ਮੁਲਕਾਂ ਨੀਦਰਲੈਂਡ, ਫਰਾਂਸ ਆਦਿ 'ਚੋਂ ਵੀ ਸਿੱਖਾਂ ਨੇ ਸ਼ਿਰਕਤ ਕੀਤੀ।

2014 'ਚ ਸਿੱਖ ਬੀਬੀਆਂ ਦੇ ਇਕ ਗਰੁੱਪ ਨੇ ਨਿਊ ਜੈਨਰੇਸ਼ਨ ਇਨ ਐਕਸ਼ਨ (NGIA) ਦਾ ਗਠਨ ਕੀਤਾ। ਸਿੰਟ ਟਰੂਡੈਨ 'ਚ ਦੋ ਵਿਸਾਖੀ ਮੇਲੇ ਆਯੋਜਿਤ ਕਰਨੇ ਇਸ ਸੰਗਠਨ ਦੀ ਮਹੱਤਵਪੂਰਨ ਪ੍ਰਾਪਤੀ ਰਹੀ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਐਨ.ਜੀ.ਆਈ.ਏ. ਰਾਹੀਂ ਭਾਈਚਾਰੇ ਨੂੰ ਸੰਗਠਿਤ ਕਰਨ ਦੇ ਨਾਲ-ਨਾਲ ਇੱਥੋਂ ਦੇ ਸਮਾਜਕ ਤਾਣ-ਬਾਣੇ 'ਚ ਸਿੱਖ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੀ ਕੋਸ਼ਿਸ਼ ਰਹੀ।

ਇਸ ਗੱਲ ਤੋਂ ਇਨਕਾਰ ਨਹੀਂ ਹੈ ਕਿ ਅਵਾਸ ਦੇ ਸ਼ੁਰੂ ਦੇ ਵਰ੍ਹਿਆਂ 'ਚ

(ਬਾਕੀ ਪੰਨਾ 9 'ਤੇ)

On Centenary of

# The Akali Movement

## Portrait of Courage and Sacrifice

❖ **Mohinder Singh***



**A Jatha of Akali volunteers marching to Guru-ka-Bagh on 25th October, 1922. Courtesy: Sir George Dunnett, London.**

This year happens to be Centenary of an important event – entry of Khalsa *Biradri* into Golden Temple to offer *Prasad*- which became precursor of the larger movement of Gurdwara Reform (1920-25). As a result of initiative taken by leaders of the Singh Sabha Movement, some of the so-called low caste Mazhabi and Ramdasia Sikhs were baptised by Sant Lakhmir Singh and their community given the title of Khalsa *Biradri* (Khalsa Brotherhood). Accompanied by leaders of the Singh Sabha Movement, including some Professors of the Khalsa College, Amritsar, newly baptised members of the Khalsa *Biradri* were escorted to the Golden Temple to offer *Prasad,* a privilege which they were denied so far because of caste consideration. When the priests of the temple refused to accept their *Prasad*, reformers argued that since Sikhism does not recognise any caste distinction their *Prasad* should be accepted and distributed. This led to a scuffle and both sides decided to settle the issue by taking a *Wak* from the holy book. On finding that the *Wak* was in favour of the reformers and that they were proceeding to the Akal Takhat, the priests abdicated their duties. Finding the scripture lying unattended the reformers took their place and soon after formed a committee of 25 members to look after the management of the Golden Temple and other nearby Gurdwaras.

As priests of the Golden Temple and other historic Gurdwaras were so far being used to promote loyalty towards the British Raj, this sudden development unnerved the bureaucracy. The government announced a provisional committee of 36 members which the reformers refused to recognise and formed a central organisation under the name of Shiromani Gurdwara Prabandhak Committee to manage historic Gurdwaras which were coming under the control of the Akali reformers through peaceful agitation. However, it was the tragedy resulting from killing of 130 peaceful reformers in Nankana Sahib by the mercenaries hired by Mahant Narain Das on 20th January, 1921, that brought the movement of reform on the national scene.

The tragedy greatly perturbed the Sikhs in different parts of the country who vehemently condemned the action of the Mahant and sent messages of sympathy for the Akali martyrs and offered their support to the reformers.

Mahatma Gandhi visited Nankana on 3 March, 1921, to express his sympathy for the Akali martyrs. In a Shahidi Diwan arranged on the same day, the Mahatma made a brief speech in Hindustani in the course of which he said that 'the news of Nankana was so staggering that I would not believe it without confirmation'. Later, in a message to the Sikhs in Lahore, the Mahatma said, 'Everything I saw and heard, points to a second edition of Dyerism, more barbarous, more calculated and more fiendish than the Dyerism of Jallianwala'.

Akali reformers' adherence to non-violence so much impressed the Mahatma that for quite some time the Nankana tragedy figured in his speeches and writings. While addressing the satyagrahis of Mulshi Peta he said:

"I wish to see the bravery of Lachhman Singh and Dalip Singh in Mulshi Peta. Without raising a little finger, these two warriors stood undaunted against the attack of Mahant Narain Das of Nankana Sahib and let themselves be killed."

Gandhi was able to convince his lieutenants in the Congress to support the Akali Movement which

offered a good opportunity to demonstrate the efficacy of his experiment of passive suffering. Under the new programme, Akali struggle against a foreign Government became a synonym for reforming Sikh shrines. Akali agitation over the keys' affair, their struggle at Guru-ka-Bagh and the Akali morcha in Jaito are important manifestations of the non-violent nature of the Akali movement. When the authorities decided to return the keys of the Toshakhana of the Golden Temple which had been forcibly taken away, Gandhi sent following telegram to Baba Kharak Singh, President of the S.G.P.C.: "FIRST BATTLE FOR INDIA'S FREEDOM WON. CONGRATULATIONS".

To extend support to the Akalis in their struggle, Congress leadership passed formal resolutions supporting them in whatever they did and described official attack on the S.G.P.C. and the Shiromani Akali Dal as 'a direct challenge to the right of free association of all Indians…'. In the special session of the Congress held at Delhi in September 1923, a resolution was passed supporting the Akali agitation in the Sikh State of Nabha and to send Jawaharlal Nehru, A.T. Gidwani and K.Santhanam as observers to get first-hand knowledge about the movement. However, on arrival in the Nabha territory, they were arrested and sent behind the bars. Nehru was so much moved by the sufferings of the peaceful Akalis that he drafted a statement, original of which is preserved in Nehru Memorial Museum, New Delhi. Last paragraph of the handwritten statement is worth reproducing here:

"I was in jail when the Guru-ka-Bagh struggle was gallantly fought and won by the Sikhs. I marvelled at the courage and sacrifice of the Akalis and wished that I could be given an opportunity of showing my deep admiration of them by some form of service. That opportunity has now been given to me and I earnestly hope that I shall prove worthy of their high tradition and fine courage. Sat Sri Akal".

25 September, 1923 — Central Jail

Jawaharlal Nehru

Nabha

The Akali Movement clearly demonstrated the efficacy of the doctrine of non-violent non-cooperation when the Akalis in the Panjab were able by peaceful means to dislodge the Mahants from their hereditary positions in the Sikh shrines, and the Government in Panjab from its unreasonable stand. Akali-te-Pardesi thus summarised success of the movement:

The Akalis have shown to the Indians how a most arrogant, oppressive, cunning and deceitful bureaucracy can be brought to its knees by means of non-violent Satyagraha. By sacrifices at Guru-ka-Bagh, they have destroyed the prestige of the bureaucracy and raised the dignity of India. Success of the Akali Movement was mainly due to able leadership consisting of barristers, college and school teachers and retired army personnel and committed cadre of volunteers. Out of the total number of Akali volunteers from different areas, roughly 66 per cent belonged to the Jat Sikh peasantry, the majority of them hailing from the districts of Lyallpur, Sheikhupura, Amritsar, Jullundur and Hoshiarpur. Similarly, in the case of the Akali Movement in the Sikh States the majority of participants again belonged to the peasantry.

Akali leaders knew the value of press and public opinion in countering false official propaganda. They not only started two vernacular dailies - Akali (Urdu) and Akali-te-Pardesi (Punjabi) of their own but also acquired shares in *The Nation*, an English daily published from Lahore. Ruchi Ram Sahni, a Trustee of *The Tribune*, was strong supporter of the Akali Movement and wrote and despatched daily communiqués to the media explaining the Akali stand on various issues. He also wrote a book, *Struggle for Reform in Sikh Shrines*, which was later published by the S.G.P.C. It may come as a surprise to most of us that it were the Akali leaders who founded the *Hindustan Times* with Mangal Singh Gill as its founder Editor.

During their five years of struggle the Akalis shattered many myths one of them being that 'the Sikh are violent by nature'. Sufferings of the peaceful Akali volunteers at Tarn Taran, Panja Sahib, Nankana, Guru-ka-Bagh, Jaito and other places with calm and courage in the face of the gravest provocations, exposed the official propaganda about the violent nature of the movement. C.F. Andrews, a Christian Missionary, and an eyewitness to the beatings, described the police action as 'inhuman, brutal, foul, cowardly and incredible to an Englishman' and 'a moral defeat of England'.

At a time when there is growing discontentment among the Sikhs throughout India and abroad over the management of historic Sikh shrines, can we learn from the past and provide right kind of leadership to community to liberate our Gurdwaras from the 'elected Mahants'. This would be an appropriate tribute to the martyrs of the Nankana tragedy whom we reverently remember in our daily prayer.

**Author of definitive work on the subject (The Akali Movement, Macmillan, 1978), Mohinder Singh is Director, National Institute of Panjab Studies, New Delhi. (M) 9818309390, s.mohinder@gmail.com*

✧ ✧ ✧ ✧ ✧

## ਗੁਰਿਆਈ ਤਿਲਕ ਦੇ ਸਵਾਮੀ - ਬਾਬਾ ਬੁੱਢਾ ਜੀ

ਹਰਿਗੋਬਿੰਦ ਜੀ ਨੂੰ ਵਿੱਦਿਆ ਅਤੇ ਸ਼ਸ਼ਤਰ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ। ਸਮੇਂ ਦੇ ਹਾਕਮ ਜਹਾਂਗੀਰ ਦੇ ਤੁਅੱਸਬਪੁਣੇ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਦੀਵਾਨ ਚੰਦੂ ਦੀ ਹਵੇਲੀ ਵਿਚ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ

ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਸਿੰਘਾਸਣ ਤੇ ਬਿਰਾਜਮਾਨਕਰਕੇ ਗੁਰਿਆਈ ਤਿਲਕ ਲਗਾਇਆ। ਗੁਰੂ ਸਾਹਿਬ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਭਗਤੀ ਗਿਆਨ ਦੇ ਨਾਲ ਨਾਲ ਸੂਰਬੀਰਤਾ ਧਾਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ।

ਬਿਰਧ ਅਵਸਥਾ ਦੇ ਮੱਦੇਨਜ਼ਰ ਬਾਬਾ ਬੁੱਢਾ ਸਾਹਿਬ ਗੁਰੂ ਜੀ ਪਾਸੋਂ ਆਗਿਆ ਲੈ ਕੇ ਰਮਦਾਸ ਆ ਗਏ। ਬਾਬਾ ਜੀ ਦੀ ਅਵਸਥਾ ਇਕ ਸੌ ਪੰਝੀ ਸਾਲ ਦੀ ਹੋ ਗਈ। ਅੰਤ ਸਮਾਂ ਨੇੜੇ ਜਾਣ ਕੇ ਬਾਬਾ ਜੀ ਨੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ ਲਈ ਇਕ ਸਿੱਖ ਹੱਥ ਸੁਨੇਹਾ ਭੇਜਿਆ। ਗੁਰੂ ਜੀ ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ ਅਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਰਮਦਾਸ ਪਹੁੰਚ ਗਏ। ਬਾਬਾ ਜੀ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ ਅਤੇ ਬਹੁਤ ਬਚਨ ਬਿਲਾਸ ਕਰਦੇ ਰਹੇ। ਦੂਜੇ ਦਿਨ 14 ਮੱਘਰ, ਮੱਘਰ ਸੁਦੀ ਚੌਥ ੧੬੮੮ ਨੂੰ ਬਾਬਾ ਜੀ ਸੱਚਖੰਡ ਪਿਆਨਾ ਕਰ ਗਏ। ਬਾਬਾ ਬੁੱਢਾ ਜੀ ਦਾ ਅੰਤਿਮ ਸਸਕਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਬੜੀ ਵੈਰਾਗਮਈ ਅਵਸਥਾ ਵਿਚ ਕੀਤਾ। ਅੰਤਿਮ ਸਸਕਾਰ ਵਿਚ ਭਾਈ ਗੁਰਦਾਸ ਜੀ, ਬਾਬਾ ਸ੍ਰੀ ਚੰਦ ਜੀ, ਬਾਬਾ ਬਿਧੀ ਚੰਦ ਜੀ, ਭਾਈ ਜੇਠਾ ਜੀ ਸਮੇਤ ਪ੍ਰਮੁੱਖ ਗੁਰਸਿੱਖ ਅਤੇ ਸੰਗਤਾਂ ਹਾਜ਼ਰ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੂੰ ਦਸਤਾਰ ਬੰਨ੍ਹੀ ਤੇ ਬਾਬਾ ਜੀ ਦੀ ਥਾਂ ਗੁਰੂ ਘਰ ਦਾ ਸੇਵਕ ਥਾਪਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਭਾਈ ਭਾਨਾ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰਿਆਈ ਤਿਲਕ ਲਗਾਇਆ। ਭਾਈ ਭਾਨਾ ਜੀ ਦੇ ਸਪੁੱਤਰ ਭਾਈ ਸਰਵਣ ਜੀ ਅਤੇ ਭਾਈ ਸਰਵਣ ਜੀ ਦੇ ਸਪੁੱਤਰ ਭਾਈ ਝੰਡਾ ਜੀ ਸਨ, ਜਿਨ੍ਹਾਂ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਤਿਲਕ ਲਗਾਇਆ। ਭਾਈ ਝੰਡਾ ਜੀ ਦੇ ਸਪੁੱਤਰ ਭਾਈ ਗੁਰਦਿੱਤਾ ਜੀ ਸਨ। ਬਾਬਾ ਬਕਾਲਾ ਸਾਹਿਬ ਵਿਖੇ ਭਾਈ ਮੱਖਣ ਸ਼ਾਹ ਲੁਬਾਣਾ ਨੇ ਭਾਈ ਗੁਰਦਿੱਤਾ ਜੀ ਨੂੰ ਰਮਦਾਸ ਤੋਂ ਸੱਦ ਕੇ ਉਨ੍ਹਾਂ ਪਾਸੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਿਆਈ ਤਿਲਕ ਲਵਾਇਆ ਸੀ। ਭਾਈ ਗੁਰਦਿੱਤਾ ਜੀ ਦੇ ਸਪੁੱਤਰ ਭਾਈ ਰਾਮ ਕੁੰਵਰ ਜੀ ਸਨ, ਜਿਨ੍ਹਾਂ ਨੇ ਸ੍ਰੀ ਗੋਬਿੰਦ ਰਾਏ ਜੀ ਨੂੰ ਗੁਰਿਆਈ ਤਿਲਕ ਲਗਾ ਕੇ ਗੁਰਗੱਦੀ ਤੇ ਬਿਰਾਜਮਾਨ ਕੀਤਾ ਸੀ। ਇਕ ਵੈਸਾਖ ਸੰਮਤ ੧੭੫੬ ਮੁਤਾਬਕ ਸੰਨ 1699 ਦੀ ਵੈਸਾਖੀ ਵਾਲੇ ਦਿਨ ਆਪਣੇ ਹੱਥੀਂ ਸਾਜੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦਸਮ ਗੁਰੂ ਸ੍ਰੀ ਗੋਬਿੰਦ ਰਾਏ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਜੇ ਸਨ। ਬਾਬਾ ਬੁੱਢਾ ਜੀ ਨਾਲ ਸਬੰਧਤ ਗੁਰਦੁਆਰਾ ਸਾਹਿਬ ਕੱਥੂਨੰਗਲ,ਬੀੜ ਸਾਹਿਬ ਠੱਟਾ (ਨੇੜੇ ਝਬਾਲ),ਰਮਦਾਸ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸੁਭਾਇਮਾਨ ਹਨ।

✧ ✧ ✧ ✧ ✧

## ਬੈਲਜੀਅਮ 'ਚ ਸਿੱਖ

ਧਾਰਮਕ ਅਤੇ ਨਸਲੀ ਪੱਖਪਾਤ ਕਾਰਨ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਈਆਂ। ਖੇਤੀਬਾੜੀ ਕਰਦੇ ਸਿੱਖ ਕਾਮਿਆਂ ਨਾਲ ਇੱਥੋਂ ਦੇ ਬਾਸ਼ਿੰਦਿਆਂ ਵੱਲੋਂ ਹੁੱਲੜਬਾਜ਼ੀ ਕੀਤੀ ਗਈ ਅਤੇ 1993 'ਚ ਸਿੰਟ ਟਰੂਡੈਨ 'ਚ ਇਕ ਸਿੱਖ ਗੋਲੀ ਦਾ ਨਿਸ਼ਾਨਾ ਵੀ ਬਣਿਆ। ਸਿੱਖਾਂ ਦੇ ਇਕ ਘਰ ਤੇ ਬੰਬ ਵੀ ਸੁੱਟਿਆ ਗਿਆ ਪਰ ਚੰਗੇ ਭਾਗਾਂ ਨੂੰ ਕੋਈ ਹਤਾਹਤ ਨਾ ਹੋਇਆ। ਸਚੈਨਗੈਨ ਸਮਝੌਤੇ ਮੁਤਾਬਕ ਕਾਮੇ ਹੁਣ ਦੂਜੇ ਈ.ਯੂ. ਦੇਸ਼ਾਂ ਵਿਸ਼ੇਸ਼ਕਰ ਪੋਲੈਂਡ ਤੋਂ ਆ ਸਕਦੇ ਸਨ। ਇਸ ਨਾਲ ਫਲਾਂ ਦੇ ਖੇਤੀ-ਖੇਤਰ ਦੇ ਕੰਮਾਂ 'ਚ ਸਿੱਖਾਂ ਦੇ ਏਕਾਧਿਕਾਰ ਨੂੰ ਬੱਜ ਲਗੀ। ਇਸਦਾ ਇਕ ਹਾਂ-ਪੱਖੀ ਅਸਰ ਇਹ ਪਿਆ, ਸਿੱਖਾਂ ਨੇ ਹੋਰਨਾਂ ਖੇਤਰਾਂ ਵਲ ਮੌਕੇ ਤਲਾਸ਼ਣੇ ਸ਼ੁਰੂ ਕੀਤੇ। ਕੁਝਾਂ ਨੇ ਆਪਣੇ ਫਾਰਮ ਸ਼ੁਰੂ ਕਰ ਲਏ, ਹੋਰਨਾਂ ਨੇ ਕਾਰਖ਼ਾਨਿਆਂ 'ਚ ਕੰਮ ਹਾਸਲ ਕਰ ਲਿਆ ਅਤੇ ਕੁਝ ਉਤਸ਼ਾਹੀ ਕਾਮਿਆਂ ਨੇ ਆਪਣੇ ਵਪਾਰ ਸ਼ੁਰੂ ਕਰ ਲਏ। ਸਿੱਖਾਂ ਨੇ ਇਕ ਖ਼ਾਸ ਤਰੀਕੇ ਨਾਲ ਵੀ ਉੱਨਤੀ ਕੀਤੀ : ਰਾਤ ਨੂੰ ਦੁਕਾਨਾਂ ਖੋਲ ਕੇ। ਛੋਟੀਆਂ ਕਰਿਆਨੇ ਦੀਆਂ ਦੁਕਾਨਾਂ ਜੋ ਨਿਯਮਿਤ ਰੂਪ 'ਚ ਖੁੱਲੀਆਂ ਦੁਕਾਨਾਂ ਤੋਂ ਬੰਦ ਹੋਣ ਮਗਰੋਂ ਖੁਲਦੀਆਂ। ਮੌਜੂਦਾ ਦੌਰ 'ਚ ਸ਼ਨੀਵਾਰ ਦੀ ਕਿਸਾਨ ਮਾਰਕਿਟ 'ਚ ਬਹੁਤ ਸਾਰੇ ਸਿੱਖ ਸੌਦਾ ਵੇਚਦੇ। ਐਪਰ ਇਸ ਸਮੇਂ ਪ੍ਰਮੁੱਖ ਕੰਮ ਕਪੜੇ ਵੇਚਣ ਦਾ ਸੀ।

ਗ਼ੈਰ-ਕਾਨੂੰਨੀ ਪ੍ਰਵਾਸ ਵੀ ਜਾਰੀ ਹੈ ਪਰ ਬਹੁਤ ਘੱਟ ਹੈ। ਗ਼ੈਰ-ਕਾਨੂੰਨੀ ਪ੍ਰਵਾਸ ਨੇ ਸਿੱਖਾਂ ਦੀ ਕੀਰਤੀ ਨੂੰ ਕਲੰਕਿਤ ਕੀਤਾ। 2008 'ਚ ਇਕ ਗੁਰਦੁਆਰੇ 'ਚ ਇਸ ਮਾਮਲੇ 'ਚ ਪੁਲਿਸ ਰੇਡ ਵੀ ਹੋਈ। ਬੈਲਜੀਅਨ ਅਧਿਕਾਰੀਆਂ ਵੱਲੋਂ ਸਖ਼ਤੀ ਕਰਨ ਤੇ ਗੁਰਦੁਆਰਿਆਂ 'ਚ ਸ਼ਰਣ ਦੇਣ ਨੂੰ ਪ੍ਰਤਿਬੰਧਿਤ ਕੀਤਾ ਗਿਆ। ਦਿਲਚਸਪ ਗੱਲ ਇਹ ਕਿ ਗ਼ੈਰ-ਕਾਨੂੰਨੀ ਲੋਗ ਸਿਸਟਮ ਦੇ ਵਿਚ ਹੀ ਹਨ ਜਿਹਨਾਂ ਨੂੰ ਗ਼ੈਰ-ਕਾਨੂੰਨੀ ਨਾ ਮੰਨਦਿਆਂ ਜਲਾਵਤਨ ਨਹੀਂ ਕੀਤਾ ਗਿਆ। ਕਈ ਵਾਰ, ਏਜੈਂਟਾਂ ਰਾਹੀਂ ਨਿਯੋਜਿਤ ਕੀਤੀ ਗਈ ਮਨੁੱਖੀ ਸਮਗਲਿੰਗ ਕਰਕੇ ਸਿੱਖ ਖ਼ਬਰਾਂ 'ਚ ਰਹੇ ਪਰ ਕਿਸ ਨੂੰ ਦੇਸ਼ 'ਚ ਟਿਕਣਾ ਪ੍ਰਵਾਨ ਕੀਤਾ ਗਿਆ।

ਬੈਲਜੀਅਮ 'ਚ ਸਿੱਖਾਂ ਬਾਰੇ ਮੁੱਖ ਸਮਾਚਾਰ ਇਹ ਹੈ ਕਿ ਜ਼ਿਆਦਾਤਰ ਸਿੱਖਾਂ (80 ਫ਼ੀਸਦੀ) ਕੋਲ ਸਥਾਨਕ ਪਾਸਪੋਰਟ ਹਨ। 30 ਫ਼ੀਸਦੀ ਪੰਜਾਬੀ ਦਸਤਾਰ ਬੰਨ੍ਹਦੇ ਹਨ। ਵਿਦਿਆਰਥੀ ਸਰਕਾਰੀ ਸਕੂਲਾਂ 'ਚ ਪਗੜੀ ਨਹੀਂ ਪਹਿਨ ਸਕਦੇ, ਜਦਕਿ ਨਿਜੀ ਸਕੂਲਾਂ 'ਚ ਮਨਾਹੀ ਨਹੀਂ ਹੈ। ਦਸਤਾਰ ਸਜਾਉਣ ਸੰਬੰਧੀ ਕੇਸ ਹਾਲੇ ਕੋਰਟ 'ਚ ਹੈ। ਯੂਨੀਵਰਸਿਟੀ ਪੱਧਰ ਤੇ ਕੋਈ ਮਨਾਹੀ ਨਹੀਂ ਹੈ।

### ਗੁਰਦੁਆਰੇ

ਬੈਲਜੀਅਮ 'ਚ ਪੰਜ ਗੁਰਦੁਆਰੇ ਹਨ :

1. ਗੁਰਦੁਆਰਾ ਸੰਗਤ ਸਾਹਿਬ, ਹਲਮਾਲ, ਸਿੰਟ ਟਰੂਡੈਨ (1993)
2. ਗੁਰਦੁਆਰਾ ਗੁਰੂ ਨਾਨਕ ਸਾਹਿਬ ਵਿਲਵੂਰਦੀ, ਬਰਸਲਸ (1999) ਜੋ ਇਕ ਸਿਨੇਮਾਘਰ ਦੀ ਸ਼ਕਲ 'ਚ ਰੇਲਵੇ ਸਟੇਸ਼ਨ ਨੇੜੇ ਹੈ।
3. ਗੁਰਦੁਆਰਾ ਗੁਰ ਨਾਨਕ ਪ੍ਰਕਾਸ਼, ਲੁਈਕ, ਲਿਜੇ (2005)
4. ਗੁਰਦੁਆਰਾ ਸਿੰਘ ਸਭਾ, ਸਿੰਟ ਟਰੂਡੈਨ (2001)
5. ਗੁਰਦੁਆਰਾ ਗੁਰੂ ਰਾਮਦਾਸ ਸਿੱਖ ਸਟੱਡੀ ਐਂਡ ਕਲਚਰਲ ਸੈਂਟਰ, ਬੋਰਗਲੂਨ (2005)

✧ ✧ ✧ ✧ ✧

# 100 ਸਾਲ ਪਹਿਲਾਂ

**28 ਅਕਤੂਬਰ, 1920**

## ਨਿਰਮਲ ਪੰਥ ਅਤੇ ਗੁਰੂ ਮਤ

ਨਿਰਮਲ ਸੁਸੈਟੀ ਦੇ ਸਾਜਣ ਦਾ ਮੰਤਵ ਜਿਥੋਂ ਤਕ ਇਤਹਾਸਾਂ ਤੋਂ ਪਤਾ ਲੱ-ਗਦਾ ਹੈ ਗੁਰੂ ਮਤ ਦਾ ਪ੍ਰਚਾਰ ਕਰਨਾ ਹੀ ਮੁਖ ਭਾਸਦਾ ਹੈ। ਜਿੱਥੇ ਗ੍ਰਹਸਤੀ ਖਾਲਸਾ ਜੀ ਨੂੰ ਆਪਣੇ ਸੰਸਾਰਕ ਫਰਜ਼ਾਂ ਨੂੰ ਨਿਭਾਉਂਦੇ ਹੋਏ ਸਿੱਖ ਧਰਮ ਦੀ ਰਾਜਸੀ ਤਥਾ ਭਾਈਚਾਰਕ ਦਸ਼ਾ ਦੇ ਸੁਧਾਰ ਦਾ ਕੰਮ ਦਿੱਤਾ ਗਿਆ ਹੈ ਉਥੇ ਨਾਲ ਹੀ ਵਿਰਕਤ ਮਹਾਂਪੁਰਸ਼ਾਂ ਨੂੰ ਵਿਦਵਤਾ ਤੇ ਕਰਨੀ ਸੰਜੁਗਤ ਹੋਕੇ ਸਿੱਖ ਪੰਥ ਦੀ ਧਾਰਮਕ ਦਸ਼ਾ ਦੀ ਨਿਗਰਾਨੀ ਬਖ਼ਸ਼ੀ ਗਈ ਹੈ।

ਜੇਕਰ ਡੂੰਘੀ ਵਿਚਾਰ ਨਾਲ ਵੇਖਿਆ ਜਾਵੇ ਤਾਂ ਏਸ ਧਰਮ ਰੂਪ ਗੱਡੀ ਦੇ ਉਪਰੋਕਤ ਦੋਵੇਂ ਹੀ ਪਹੀਏ ਕਮਜ਼ੋਰ ਹੋ ਚੁਕੇ ਹਨ, ਪਰੰਤੂ ਇਕ ਪਹੀਆ ਤਾਂ ਡਾਢਾ ਕਮਜ਼ੋਰ ਹੋ ਚੁਕਾ ਹੈ ਜਿਸ ਕਰਕੇ ਗੱਡੀ ਦਾ ਬਾਕੀ ਬੋਝ ਵੀ ਓਸ ਦੂਜੇ ਕਮਜ਼ੋਰ ਪਹੀਏ ਪਰ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਕਰਕੇ ਉਸਦੇ ਹੋਰ ਵੀ ਕਮਜ਼ੋਰ ਹੋ ਜਾਣ ਦਾ ਡਰ ਹੈ। ਇਹ ਪਹੀਆ ਜੋ ਐਸ ਵੇਲੇ ਬਿਲਕੁਲ ਨਿਰਬਲ ਹੋ ਰਿਹਾ ਹੈ ਨਿਰਮਲ ਭੇਖ ਹੈ। ਏਸ ਵਿਚ ਤਾਂ ਜ਼ਰਾ ਸ਼ੱਕ ਨਹੀਂ ਕਿ ਨਿਰਮਲ ਭੇਖ ਵਿਚ ਚੰਗੇ- ਚੰਗੇ ਵਿਰਕਤ ਅਤੇ ਵਿਦਵਾਨ ਮੌਜੂਦ ਹਨ, ਅਤੇ ਇਹ ਵੀ ਸੱਚ ਹੈ ਕਿ ਧਾਰਮਕ ਪ੍ਰਚਾਰ ਦਾ ਜਿੰਨਾ ਕੰਮ ਇਹ ਸੁਸੈਟੀ ਕਰ ਸਕਦੀ ਹੈ ਓਹ ਕਾਫੀ ਕਿਹਾ ਜਾਣ ਦੇ ਯੋਗ ਹੋ ਸਕਦਾ ਹੈ। ਅਤੇ ਪੰਥ ਦੇ ਮੌਜੂਦਾ ਗਿਣਤੀ ਦੇ ਉਪਦੇਸ਼ਕਾਂ ਤੇ ਰਾਗੀਆਂ ਦੀ ਗਿਣਤੀ ਵਧ ਜਾਏਗੀ ਜੇਕਰ ਵਿਦਵਾਨ ਵਿਰਕਤ ਪੁਰਸ਼ ਇਸ ਕੰਮ ਨੂੰ ਹੱਥ ਵਿਚ ਲੈਂਣ। ਇਕ ਸਭਾ ਜੇ ਚਾਹੇ ਕਿ ਅਸੀਂ ਤਨਖਾਹਾਂ ਪੁਰ ਉਪਦੇਸ਼ਕ ਰੱਖਕੇ ਉਹਨਾਂ ਨੂੰ ਖੁੱਲ੍ਹੇ ਪਰੋਗ੍ਰਾਮ ਪਰ ਬਾਹਰ ਫੇਰੀਏ ਤਾਂ ਇਹ ਬਹੁਤ ਹੱਦ ਤਕ ਮੁਸ਼ਕਲ ਹੈ।

ਪ੍ਰਚਾਰਕ ਵਾਸਤੇ ਬਾਹਰ ਫਿਰਕੇ ਆਪਣੀ ਤਨਖਾਹ ਤੇ ਖਰਚ ਕੱਢਣ ਦਾ ਜੋ ਯਤਨ ਹੈ ਇਹ ਕਈ ਤਰਾਂ ਨਾਲ ਲੋਕਾਂ ਵਿਚ ਬੁਰਾ ਅਸਰ ਪੈਦਾ ਕਰਦਾ ਹੈ। ਸਗੋਂ ਬਾਹਰ ਫਿਰਨ ਵਾਲੇ ਸੱਜਣ ਏਸ ਗੱਲ ਦੀ ਪੁਸ਼ਟੀ ਕਰ ਸਕਦੇ ਹਨ ਕਿ ਅਜੇਹੇ ਯਤਨ ਨੇ ਪ੍ਰਚਾਰ ਨੂੰ ਕੁਝ ਸੱਟ ਵੀ ਮਾਰੀ ਹੈ। ਪ੍ਰਚਾਰਕ ਲੋਕ ਆਪ ਵੀ ਏਸ ਬਾਤ ਨੂੰ ਹੁਣ ਅਨੁਭਵ ਕਰ ਰਹੇ ਹਨ ਤੇ ਉਹ ਕਿਸੇ ਸਭਾ ਜਾਂ ਦੀਵਾਨ ਪਾਸ ਮੁਲਾਜ਼ਮਤ ਕਰਨ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੁੰਦੇ ਹਨ ਕਿ ਅਸੀਂ ਕੇਵਲ ਪ੍ਰਚਾਰਕ ਹੋਵਾਂਗੇ ਤੇ ਜੋ ਕੁਝ ਕੋਈ ਦੇਵੇ ਲੈ ਆਵਾਂਗੇ, ਪ੍ਰੰਤੂ ਮੰਗਾਂਗੇ ਨਹੀਂ।

ਇਕ ਪ੍ਰਚਾਰਕ ਵਾਸਤੇ ਮਹੀਨੇ ਦਾ ਮਹੀਨਾ ਤਾਂ ਕਿਤੇ ਰਿਹਾ 15 ਦਿਨ ਮਤਵਾਤਰ ਬਾਹਰ ਰੈਹਣਾ ਵੀ ਔਖਾ ਪ੍ਰਤੀਤ ਹੋਂਦਾ ਹੈ, ਕਿਉਂ ਜੋ ਏਨੀ ਗੈਰ ਹਾਜ਼ਰੀ ਪਰ ਉਸਨੂੰ ਘਰ ਦਾ ਫਿਕਰ ਵਸ਼ੇਸ਼ ਦਬਾਈ ਰੱਖਦਾ ਹੈ, ਜਿਸ ਕਰਕੇ ਓਸਦਾ ਦਿਮਾਗ ਪਰੇਸ਼ਾਨ ਰਹਿੰਦਾ ਹੈ, ਜਿਸਤੋਂ ਪ੍ਰਚਾਰਕਾਂ ਨੂੰ ਇਲਾਕੇ ਵੰਡ ਦਿਤੇ ਜਾਣ ਤਦ ਅੱਛਾ ਹੋਵੇਗਾ।

ਨਿਰਮਲੇ ਸਾਧੂ ਅਕਸਰ ਕਰਕੇ ਵਿਚਰਦੇ ਰਹਿੰਦੇ ਹਨ ਤੇ ਬਾਹਰ ਲੋਕਾਂ ਵਿਚ ਉਹਨਾਂ ਦੀ ਆਉ ਭਾਗਤ ਵੀ ਚੰਗੀ ਹੋਂਦੀ ਹੈ, ਰੋਟੀ ਕੱਪੜੇ ਦਾ ਕੰਮ ਸੁਤੇ ਹੀ ਹੁੰਦਾ ਜਾ ਰਿਹਾ ਹੈ, ਅੱਗੇ ਪਿੱਛੇ ਦਾ ਕੋਈ ਫਿਕਰ ਫਾਕਾ ਨਹੀਂ। ਇਸ ਕਰਕੇ ਜੋ ਇਹ ਲੋਕ ਪ੍ਰਚਾਰ ਦੇ ਕੰਮ ਨੂੰ ਹੱਥ ਵਿਚ ਲੈਣ ਤਾਂ ਉਪ੍ਰੋਕਤ ਬਹੁਤ ਸਾਰੀਆਂ ਮੁਸ਼ਕਲਾਂ ਦੂਰ ਹੋ ਸਕਦੀਆਂ ਹਨ ਤੇ ਵਾਧਾ ਇਹ ਕਿ ਪ੍ਰਚਾਰ ਦਾ ਕੰਮ ਜੈਸਾ ਕਿ ਚਾਹੀਦਾ ਹੈ ਚੋਣਵੇਂ ਵਿਦਵਾਨਾਂ ਦੇ ਹੱਥ ਵਿਚ ਆ ਜਾਂਦਾ ਹੈ।

ਨਾਂ ਕੇਵਲ ਏਹੋ ਕਿ ਵਿਚਕਤ ਸੱਜਣ ਹੀ ਇਸ ਸ਼ੁਭ ਕੰਮ ਵਿਚ ਹਿੱਸਾ ਲੈ ਸਕਦੇ ਹਨ ਸਗੋਂ ਡੇਰੇਦਾਰ ਤੇ ਮਹੰਤ ਲੋਕ ਵੀ ਬਹੁਤ ਕੰਮ ਕਰ ਸਕਦੇ ਹਨ। ਇਨ੍ਹਾਂ ਪਾਸ ਮਾਯਾ ਤਾਂ ਚੋਖੀ ਹੈ, ਪਰੰਤੂ ਧਾਰਮਕ ਕੰਮਾਂ ਵਿਚ ਉੱਕੀ ਨਹੀਂ ਲੱਗਦੀ, ਜਾਂ ਤਾਂ ਆਪਣੇ ਸੁਖ ਵਿਚ ਲਗਦੀ ਹੈ ਤੇ ਜਾਂ ਕਿਸੇ ਬੇਅਰਥ ਜੇਹੇ ਥਾਂ ਤੋਂ ਇੱਜ਼ਤ ਹਾਸਲ ਕਰਨ ਵਿਚ ਖਰਚ ਹੋਂਦੀ ਹੈ, ਸਭ ਤੋਂ ਵਧ ਝਗੜਿਆਂ ਵਿਚ ਉਡਦੀ ਹੈ। ਜੇਕਰ ਇਹ ਲੋਕ ਕੰਮ ਕਰਨ ਤੇ ਤਾਂ ਮਾਯਾ ਵੀ ਸਫਲੀ ਤੇ ਪ੍ਰਚਾਰ ਦਾ ਵਾਧਾ ਗੁਰੂ ਤੇ ਪੰਥ ਦੀਆਂ ਖੁਸ਼ੀਆਂ ਵੀ ਪ੍ਰਾਪਤ ਕਰ ਸਕਦੇ ਹਨ।

(ਦਾਸ- ਰਘਬੀਰ ਸਿੰਘ)

**ਨੋਟ-** ਬਸ਼ਰਤੇ ਕਿ ਰਹਤ ਮ੍ਰਯਾਦਾ ਭੀ ਦ੍ਰਿੜ੍ਹ ਕਰਣ। ✧✧

## ਉੱਘੇ ਲੇਖਕ ਡਾ. ਕੁਲਦੀਪ ਸਿੰਘ ਧੀਰ ਦਾ ਵਿਛੋੜਾ




**ਭਾਈ ਵੀਰ ਸਿੰਘ ਸਾਹਿਤ ਸਦਨ ਵਿਖੇ ਹੋਏ ਇਕ ਪ੍ਰੋਗਰਾਮ ਦੌਰਾਨ ਮੁੱਖ ਵਕਤਾ ਵਜੋਂ ਬੋਲਦੇ ਹੋਏ ਡਾ. ਕੁਲਦੀਪ ਸਿੰਘ ਧੀਰ।**

ਵਿਗਿਆਨ ਅਤੇ ਸਾਹਿਤ ਨਾਲ ਜੁੜੀ ਹੋਈ ਉੱਘੀ ਸ਼ਖ਼ਸੀਅਤ, ਲੇਖਕ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਡੀਨ (ਅਕਾਦਮਿਕ ਤੇ ਭਾਸ਼ਾਵਾਂ) ਡਾ. ਕੁਲਦੀਪ ਸਿੰਘ ਧੀਰ (77) ਦਾ 16 ਅਕਤੂਬਰ ਨੂੰ ਦੇਹਾਂਤ ਹੋ ਗਿਆ। 17 ਅਕਤੂਬਰ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। 15 ਨਵੰਬਰ, 1943 ਨੂੰ ਮੰਡੀ ਬਹਾਉਦੀਨ, ਪੰਜਾਬ (ਪਾਕਿਸਤਾਨ) 'ਚ ਜਨਮੇ ਡਾ. ਧੀਰ ਦੀ ਹਾਜ਼ਰੀ ਨੂੰ ਸਿਰਫ਼ ਪਟਿਆਲੇ 'ਚ ਨਹੀਂ ਸਗੋਂ ਉਹਨਾਂ ਦੇ ਘਰ ਅਤੇ ਸਾਹਿਤਕ ਹਲਕਿਆਂ 'ਚ ਚਿਰਕਾਲ ਤਕ ਯਾਦ ਰੱਖਿਆ ਜਾਏਗਾ। ਲਗਾਤਾਰ ਲੇਖਣੀ ਕਰਮ 'ਚ ਰੁੱਝੇ ਡਾ. ਧੀਰ ਨੇ 70 ਤੋਂ ਉਪਰ ਪੁਸਤਕਾਂ ਦੀ ਰਚਨਾ ਕੀਤੀ। ਇਨ੍ਹਾਂ ਵਿਚ ਤਕਰੀਬਨ ਅੱਧੀਆਂ ਪੁਸਤਕਾਂ ਵਿਗਿਆਨਕ ਲਿਖਤਾਂ ਨਾਲ ਸੰਬੰਧਿਤ ਹਨ। ਵਿਗਿਆਨ ਨੂੰ ਸਾਹਿਤਕ ਚਾਸ਼ਨੀ 'ਚ ਪੇਸ਼ ਕਰਕੇ ਉਹਨਾਂ ਪਾਠਕਾਂ 'ਚ ਇਸ ਪ੍ਰਤੀ ਡੂੰਘੀ ਦਿਲਚਸਪੀ ਪੈਦਾ ਕੀਤੀ। ਧਰਮ, ਸਿੱਖ ਇਤਿਹਾਸ ਅਤੇ ਪੰਜਾਬੀ ਸਾਹਿਤਕ ਆਲੋਚਨਾ ਉਹਨਾਂ ਦੀਆਂ ਲਿਖਤਾਂ ਦੇ ਮੁੱਖ ਵਿਸ਼ੇ ਰਹੇ। ਅਖ਼ਬਾਰਾਂ-ਰਸਾਲਿਆਂ 'ਚ ਉਹਨਾਂ ਦੇ ਕਾਲਮ ਅਕਸਰ ਛਪਦੇ ਰਹਿੰਦੇ। ਆਪ 1990 'ਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਬਣੇ ਅਤੇ 1999 'ਚ ਡੀਨ (ਭਾਸ਼ਾਵਾਂ) ਦੇ ਮੁਖੀ ਦੇ ਰੂਪ 'ਚ ਸੇਵਾਮੁਕਤ ਹੋਏ। 1999 'ਚ ਆਪ ਨੂੰ ਸ਼੍ਰੋਮਣੀ ਪੰਜਾਬੀ ਲੇਖਕ ਸਨਮਾਨ ਮਿਲਿਆ। ਪ੍ਰਮੁੱਖ ਲੇਖਕਾਂ, ਸਾਹਿਤਕਾਰਾਂ ਅਤੇ ਸਾਹਿਤਕ ਸੰਸਥਾਵਾਂ ਨੇ ਆਪਦੇ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਜ਼ਿਕਰਯੋਗ ਹੈ ਡਾ. ਧੀਰ ਦੇ ਲੇਖ **ਖਾਲਸਾ ਸਮਾਚਾਰ** ਵਿਚ ਨਿਰੰਤਰ ਛਪਦੇ ਰਹੇ ਹਨ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੫, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੮੪}

ਵਡਹੰਸੁ ਮਹਲਾ ੩, ਅਸਟਪਦੀ ੨

| ਮੂਲ | ਅਰਥ |
|---|---|
| ਵਡਹੰਸੁ ਮਹਲਾ 3॥ ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥ ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥੧॥ | (ਜੇਹੜਾ) ਮਨ ਦਸੋਂ ਦਿਸ਼ਾਂ ਵਿਚ ਨੱਠਾ ਫਿਰਦਾ ਹੈ ਓਹ ਹਰੀ ਦੇ ਗੁਣ ਕਿਸ ਤਰ੍ਹਾਂ ਗਾ ਸਕਦਾ ਹੈ, (ਉਸ ਉੱਤੇ ਤਾਂ) ਇੰਦ੍ਰੀਆਂ ਜ਼ਬਰਦਸਤ ਹੋ ਕੇ ਵਾਪਰ ਰਹੀਆਂ ਹਨ, (ਉਸ ਨੂੰ ਤਾਂ) ਕਾਮ ਕ੍ਰੋਧ ਸਦਾ ਸਤਾਉਂਦਾ ਹੈ॥੧॥ |
| ਵਾਹੁ ਵਾਹੁ ਸਹਜੇ ਗੁਣ ਰਵੀਜੈ॥ ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ॥੧॥ਰਹਾਉ॥ | (ਹੇ ਇੰਦ੍ਰੇ ਵਸ ਹੋਏ ਮਨ) ਸਹਜ ਨਾਲ ਵਾਹੁ-ਵਾਹੁ ਕਰਕੇ (ਵਾਹਿਗੁਰੂ ਜੀ ਦੇ) ਗੁਣ ਉਚਾਰਨ ਕਰੋ। ਇਸ ਜੁਗ (ਕਲਜੁਗ) ਵਿਚ ਰਾਮ ਨਾਮ ਦੁਰਲਭ ਹੈ, (ਭਾਵ ਬਹੁਤ ਕੀਮਤੀ ਹੈ, ਇਸ ਦੁਆਰਾ) ਗੁਰੂ ਦੀ ਮਤ ਲੈ ਕੇ ਹਰੀ ਰਸ ਪੀਓ॥੧॥ਰਹਾਉ॥ |
| ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ॥ ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ॥੨॥ | (ਗੁਰੂ ਦੇ) ਉਪਦੇਸ਼ ਨੂੰ ਬੁੱਝਕੇ ਮਨ ਮੈਲ ਤੋਂ ਰਹਿਤ ਹੋ ਜਾਂਦਾ ਹੈ, ਤਦ ਹਰੀ ਦੇ ਗੁਣ ਗਾਵੈ। (ਇਸ ਤਰ੍ਹਾਂ) ਗੁਰੂ ਦੀ ਮਤ ਦੁਆਰਾ ਹੀ ਆਪਣੇ ਆਪ ਨੂੰ ਪਛਾਣ ਲਵੇ ਤਦ ਆਪਣੇ ਸਰੂਪ ਵਿਚ ਵਾਸਾ ਪਾਏਗਾ॥੨॥ |
| ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ॥ ਹਰਿ ਨਿਰਮਲੁ ਸਦਾ ਸੁਖਦਾਤਾ ਮਨਿ ਚਿੰਦਿਆ ਫਲੁ ਪਾਉ॥੩॥ | ਹੇ ਮੇਰੇ ਮਨ! ਸਦਾ ਪ੍ਰੇਮ ਵਿਚ ਰਤਿਆਂ ਰਹਿਕੇ ਸਦਾ ਹਰੀ ਦੇ ਗੁਣ ਗਾਉ। ਹਰੀ ਪਵਿਤ੍ਰ ਹੈ, ਸਦਾ ਸੁੱਖ ਦਾਤਾ ਹੈ (ਉਸ ਦੇ ਗੁਣ ਗਾਉਕੇ) ਮਨ ਦਾ ਚਿਤਵਿਆ ਫਲ ਪਾ ਲਓਗੇ॥੩॥ |
| ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ॥ ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ॥੪॥ | [ਹੁਣ ਸਾਡੇ ਭਲੇ ਲਈ ਪਰ ਨਿੰਮ੍ਰਤਾ ਵਿਚ ਐਉਂ ਉਪਦੇਸ਼ ਦਿੰਦੇ ਹਨ, ਮਾਨੋ ਆਪਣਾ ਤਜਰਬਾ ਕਹਿ ਰਹੇ ਹਨ] ਅਸੀਂ ਹਰੀ ਦੀ ਸ਼ਰਨ ਆ ਕੇ ਨੀਚ ਤੋਂ ਉੱਤਮ ਹੋ ਗਏ ਹਾਂ। (ਉਸ ਦੀ) ਸੱਚੀ ਵਡਿਆਈ ਇਹ ਹੈ (ਕਿ ਉਸ ਨੇ ਇਕ) ਡੁੱਬਦਾ ਜਾਂਦਾ ਪੱਥਰ ਕੱਢ ਲਿਆ ਹੈ॥੪॥ |
| ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ॥੫॥ | (ਅਸਾਂ ਜਦ ਤੋਂ) ਗੁਰਮੁਤਿ ਦੁਆਰਾ ਬੁੱਧੀ ਪਾਈ ਹੈ ਜ਼ਹਿਰ ਤੋ ਅੰਮ੍ਰਿਤ ਹੋ ਗਏ ਹਾਂ, ਅੱਕ ਤੋਂ ਚੰਦਨ ਹੋ ਗਏ ਹਾਂ, (ਸਾਡੇ) ਅੰਦਰ (ਪ੍ਰੇਮੀ ਦੀ) ਖੁਸ਼ਬੋਈ ਵਸਾ ਦਿੱਤੀ ਗਈ ਹੈ॥੫॥ |
| ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥ ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ॥੬॥ | ਮਨੁੱਖਾ ਜਨਮ ਦੁਰਲਭ ਹੈ, ਜਗਤ ਵਿਚ ਆਕੇ (ਅਸਾਂ ਇਸ ਨੂੰ) ਖੱਟ ਲਿਆ ਹੈ, (ਭਾਵ ਸਫ਼ਲ ਕਰ ਲਿਆ ਹੈ)। (ਕੀਕੂੰ?) ਪੂਰੇ ਭਾਗਾਂ ਦੁਆਰਾ ਸਤਿਗੁਰੂ ਮਿਲ ਪਿਆ (ਤੇ ਉਸ ਦੀ ਮੇਹਰ ਨਾਲ) ਹਰੀ ਦਾ ਨਾਮ ਧਿਆਇਆ॥੬॥ |
| ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥ ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ॥੭॥ | ਮਨਮੁਖ ਭੁੱਲੇ ਹੋਏ ਹਨ ਜੋ ਵਿਕਾਰਾਂ ਰੂਪੀ ਜ਼ਹਿਰਾਂ ਵਿਚ ਲੱਗੇ ਹੋਏ ਹਨ, (ਉਨ੍ਹਾਂ ਨੇ) ਸੁੰਦਰ ਜਨਮ ਗੁਆ ਲਿਆ ਹੈ, (ਕਿਉਂਕਿ) ਹਰੀ ਦਾ ਨਾਮ ਸਦਾ ਸੁੱਖਾਂ ਦਾ ਸਮੁੰਦਰ ਹੈ, (ਇਹ) ਸੱਚਾ ਸ਼ਬਦ (ਉਨ੍ਹਾਂ ਨੂੰ) ਚੰਗਾ ਨਹੀਂ ਲਗਾ॥੭॥ |
| ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥ ਨਾਨਕ ਜਿਨਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥ | ਮੂੰਹ ਤੋਂ ਸਭ ਕੋਈ ਹਰਿ ਹਰਿ ਆਖਦਾ ਹੈ, (ਪਰ) ਹਿਰਦੇ ਵਿਚ (ਕਿਸੇ) ਵਿਰਲੇ ਵਸਾਇਆ ਹੈ। ਹੇ ਨਾਨਕ! ਜਿਨ੍ਹਾਂ ਦੇ ਹਿਰਦੇ ਵਿਚ ਵਸਿਆ ਹੈ ਉਨ੍ਹਾਂ ਨੇ ਹੀ ਮੁਕਤੀ ਤੇ ਪਰਮ ਮੁਕਤੀ ਪਾ ਲਈ ਹੈ॥੮॥੨॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋ. ਰਾਜੇਸ਼ ਗਿੱਲ ਦੀ ਪੁਸਤਕ 'ਜੈਂਡਰ, ਕਲਚਰ ਐਂਡ ਆਨਰ' 'ਤੇ ਹੋਈ ਚਰਚਾ

ਨਵੀਂ ਦਿੱਲੀ, 17 ਅਕਤੂਬਰ, 2020 : ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟੱਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਆਯੋਜਿਤ ਮਹੀਨਾਵਾਰ ਪੁਸਤਕ ਚਰਚਾ ਦੇ ਪ੍ਰੋਗਰਾਮ ਤਹਿਤ ਇਸ ਵਾਰ ਪ੍ਰੋ. ਰਾਜੇਸ਼ ਗਿੱਲ ਦੀ ਪੁਸਤਕ **ਜੈਂਡਰ, ਕਲਚਰ ਐਂਡ ਆਨਰ** ਦੇ ਉਪਰ ਚਰਚਾ ਦਾ ਆਯੋਜਨ ਕੀਤਾ ਗਿਆ। ਇਸ ਦੇ ਪ੍ਰਮੁੱਖ ਪੈਨਲ-ਚਰਚਾਕਾਰ ਸਨ— ਦਿੱਲੀ ਯੂਨੀਵਰਸਿਟੀ ਦੇ ਰਿਸਰਚ ਕੌਂਸਲ ਦੇ ਚੇਅਰਪਰਸਨ ਪ੍ਰੋ. ਮਾਲਾਸ਼੍ਰੀ ਲਾਲ ਅਤੇ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਅਤੇ ਪ੍ਰਮੁੱਖ ਸਮਾਜ ਸ਼ਾਸਤ੍ਰੀ ਪ੍ਰੋ. ਰੇਣੂਕਾ ਸਿੰਘ। ਪੁਸਤਕ ਦੀ ਲੇਖਿਕਾ ਪ੍ਰੋ. ਰਾਜੇਸ਼ ਗਿੱਲ ਵੀ ਚਰਚਾ ਵਿਚ ਮੌਜੂਦ ਰਹੇ। ਪ੍ਰੋਗਰਾਮ ਦਾ ਸੰਚਾਲਨ ਦਿਆਲ ਸਿੰਘ ਈਵਨਿੰਗ ਕਾਲਜ ਤੋਂ ਡਾ. ਮਾਧੁਰੀ ਚਾਵਲਾ ਨੇ ਕੀਤਾ ਅਤੇ ਦਿੱਲੀ ਯੂਨੀਵਰਸਿਟੀ ਤੋਂ ਪ੍ਰੋ. ਰਵੇਲ ਸਿੰਘ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼-ਪੁਰਬ ਨਾਲ ਸੰਬੰਧਿਤ ਪਿਛਲੇ ਸਾਲ ਦੇ ਪ੍ਰੋਗਰਾਮਾਂ ਅਤੇ ਹੁਣਵੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਸਭ ਨੂੰ ਜੀਓ-ਆਇਆਂ ਕਿਹਾ। ਉਪਰੰਤ ਪ੍ਰੋਗਰਾਮ ਦੀ ਸੰਚਾਲਕ ਡਾ. ਮਾਧੁਰੀ ਚਾਵਲਾ ਨੇ ਪੁਸਤਕ ਬਾਰੇ ਸੰਖੇਪ 'ਚ ਚਾਨਣਾ ਪਾਇਆ। ਪ੍ਰੋ. ਮਾਲਾਸ਼੍ਰੀ ਲਾਲ ਨੇ ਔਰਤਾਂ ਨਾਲ ਸੰਬੰਧਿਤ ਕੁਝ ਸਮੱਸਿਆਵਾਂ ਦਾ ਪੁਸਤਕ ਅਧਾਰਿਤ ਵਿਸ਼ਲੇਸ਼ਣ ਕਰਦਿਆਂ ਕਿਹਾ ਇਹਨਾਂ ਸਮੱਸਿਆਵਾਂ ਦੇ ਮੁੱਖ 'ਚ ਸਾਡੀ ਪੈਤ੍ਰਕ ਵਿਵਸਥਾ ਦਾ ਦਬਦਬਾ ਹੈ ਜਿਸਨੇ ਮਰਦਾਨੀਅਤ ਅਤੇ ਔਰਤਪੁਣੇ ਨੂੰ ਆਪਣੇ ਹਿਸਾਬ ਨਾਲ ਪਰੀਭਾਸ਼ਿਤ ਕੀਤਾ ਜਿਸ ਅੱਗੋਂ ਕਈ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਜਨਮ ਦਿੱਤਾ ਜਿਵੇਂ ਬਾਲ ਵਿਆਹ, ਬਹੁ ਵਿਆਹ, ਔਰਤਾਂ ਦੀ ਖ਼ਰੀਦੋ-ਫਰੋਖ਼ਤ ਅਤੇ ਔਰਤ ਦੀ ਵਸਤੂਪਰਕ ਵਰਤੋਂ ਆਦਿ। ਇਨ੍ਹਾਂ ਨੂੰ ਉਹ ਆਪਣੀਆਂ ਕੋਸ਼ਿਸ਼ਾਂ ਰਾਹੀਂ ਆਪ ਹੀ ਦੂਰ ਕਰ ਸਕਦੀ ਹੈ। ਪੈਨਲ-ਚਰਚਾਕਾਰ ਪ੍ਰੋ. ਰੇਣੂਕਾ ਸਿੰਘ ਨੇ ਆਨਰ ਕਿਲਿੰਗ ਅਤੇ ਔਰਤਾਂ ਦੀ ਪੈਨਸ਼ਨ ਆਦਿ ਮੁੱਦਿਆਂ ਨੂੰ ਉਭਾਰਦਿਆਂ ਕਿਹਾ- ਪੰਜਾਬ ਦੇ ਸ਼ਹਿਰਾਂ ਅਤੇ ਦੂਰ-ਦਰਾਜ਼ ਪਿੰਡਾਂ ਦੀ ਸਥਿਤੀ ਇਕਦਮ ਫ਼ਰਕ ਵਾਲੀ ਹੈ। ਸਰਕਾਰੀ ਕੋਸ਼ਿਸ਼ਾਂ ਅਤੇ ਵਿੱਦਿਆ ਦੇ ਪ੍ਰਸਾਰ ਦੇ ਬਾਵਜੂਦ ਉੱਥੋਂ ਦੀਆਂ ਔਰਤਾਂ ਦੀ ਸਥਿਤੀ 'ਚ ਕੋਈ ਪਰਿਵਰਤਨ ਨਹੀਂ ਆਇਆ। ਉਹਨਾਂ ਅਨੁਸਾਰ ਹਰਿਆਣੇ ਦੀਆਂ ਖਾਪ ਪੰਚਾਇਤਾਂ ਅਤੇ ਸਰਕਾਰੀ ਸੰਸਥਾਵਾਂ ਦੇ ਕਾਰਿੰਦਿਆਂ 'ਚ ਵੀ ਸਮੂਹਕ ਮਾਨਸਿਕਤਾ ਨੂੰ ਪਰਣਾਏ ਹੋਏ ਲੋਕ ਹੀ ਬੈਠੇ ਹਨ ਜਿਸ ਕਾਰਨ ਬਦਲਾਓ ਕਿਵੇਂ ਆਏਗਾ। ਅਖ਼ੀਰ 'ਚ ਲੇਖਿਕਾ ਨੇ ਆਪਣੀ ਪੁਸਤਕ 'ਚ ਦਰਜ ਜ਼ਮੀਨੀ ਹਕੀਕਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ 550 ਸਾਲ ਪਹਿਲਾਂ ਜੋ ਉਪਦੇਸ਼ ਦਿੱਤੇ ਅਤੇ ਸਮਾਜਕ ਬਰਾਬਰਤਾ ਦੀ ਜਿਹੜੀ ਗੱਲ ਕੀਤੀ ਉਸਨੂੰ ਅਸੀਂ ਬਿਲਕੁਲ ਨਹੀਂ ਅਪਨਾਇਆ। ਉਹਨਾਂ ਮੀਡੀਆ ਨੂੰ ਅਜੋਕੀ ਸਥਿਤੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਸਨੇ ਔਰਤਾਂ ਦੀ ਕਾਮਯਾਬੀ ਦੀ ਗਾਥਾ ਦੱਸਣ ਦੀ ਬਜਾਇ ਉਹਨਾਂ ਦੀ ਨਾਂਹਮੁਖਤਾ ਨੂੰ ਹੀ ਬਹੁਤਾ ਉਭਾਰਿਆ ਹੈ। ਔਰਤ ਆਪਣੀਆਂ ਕੋਸ਼ਿਸ਼ਾਂ ਰਾਹੀਂ ਹੀ ਆਪਣੀ ਸਥਿਤੀ ਨੂੰ ਬਦਲ ਸਕਦੀ ਹੈ। ਅਖ਼ੀਰ 'ਚ ਪ੍ਰੋ. ਰਵੇਲ ਸਿੰਘ ਨੇ ਪੁਸਤਕ ਦੀ ਮਹੱਤਤਾ ਨੂੰ ਉਘਾੜਦਿਆਂ ਇਸਨੂੰ ਹਿੰਦੀ ਤੇ ਪੰਜਾਬੀ ਰੂਪ 'ਚ ਪ੍ਰਕਾਸ਼ਿਤ ਕਰਨ ਦੀ ਗੱਲ ਕਹੀ ਤਾਂ ਜੋ ਸਾਡੇ ਸਮਾਜ ਦਾ ਪੀੜਤ ਹਿੱਸਾ ਇਸ ਨੂੰ ਪੜ੍ਹ ਸਕੇ ਤੇ ਸੇਧਿਤ ਹੋ ਸਕੇ। ਉਹਨਾਂ ਇਸ ਆਨਲਾਈਨ ਚਰਚਾ 'ਚ ਹਾਜ਼ਰ ਵਕਤਿਆਂ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧

